ਕੈਨੇਡੀਅਨ
# ਪੰਜਾਬੀ ਪੋਸਟ

*Award winning news paper* | Canadian Punjabi Post

ਵਿਸਾਖੀ ਦੀਆਂ ਲੱਖ ਲੱਖ ਵਧਾਈਆਂ

Vol 18th Issue 72 B

Daily Newspaper Friday, April 12, 2019


Tel: 905.793.2202 | Fax: 905.793.2282 | news@punjabipost.ca








CENTURY 21
PRESIDENT
REALTY INC. BROKERAGE
ਪੰਜਾਬੀਆਂ ਦੀ ਅਮੀਰ ਵਿਰਾਸਤ ਨੂੰ ਸਿਜਦਾ
ਕਰਦਿਆਂ ਆਪ ਸਭ ਨੂੰ ਖਾਲਸੇ ਦੇ ਪ੍ਰਕਾਸ਼ ਦਿਹਾੜੇ
ਅਤੇ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ
Happy VaiSakhi
Gurpreet Dhaliwal
Sales person
416-409-9594
Jasvir Dhaliwal
Sales person
416-677-1111
Bus : 905.488.2100 Ext. 283
& 276 Fax : 905.488.2101
80 Maritime Ontario Blvd #246, Brampton, ON


Happy Vaisakhi to all
Ramesh
Sangha
Member of Parliament for
Brampton Centre
RIDING OFFICE:
100 Kennedy Road S,
Brampton, ON L6W 3E7
Tel: (905) 790-9211
Fax: (905) -790-9507
OTTAWA OFFICE:
Confederation Building, Room 224,
Ottawa, Ontario K1A 0A6
Tel: (613) 992-9105
Fax: (613) 947-0443


RUBY SAHOTA
Member of Parliament – Brampton North
May the festival of
Vaisakhi usher in
good times & happiness!
HAPPY VAISAKHI
CONSTITUENCY OFFICE:
50 Sunny Meadow Blvd., Unit 306-307
Brampton, ON L6R 0Y7
905.840.0505 | Ruby.Sahota@parl.gc.ca
www.rubysahotamp.ca
@MPRubySahota
@MPRubySahota
@MP.RubySahota

# ਮੁੱਕਿਆ ਚੇਤ ਵਿਸਾਖੀ ਆਈ...

ਡਾ. ਲਖਵੀਰ ਸਿੰਘ ਨਾਮਧਾਰੀ



ਪੰਜਾਬ ਦੀ ਧਰਤੀ ਮੇਲਿਆਂ ਦਾ ਦੇਸ਼ ਹੈ। ਇਨ੍ਹਾਂ ਵਿੱਚੋਂ ਵਿਸਾਖੀ ਮੇਲਾ ਆਪਣਾ ਪ੍ਰਮੁੱਖ ਸਥਾਨ ਰੱਖਦਾ ਹੈ। ਵਿਸਾਖ ਚੜ੍ਹਦੇ ਹੀ ਹਾੜੀ ਦੀਆਂ ਫਸਲਾਂ ਦੀ ਕਟਾਈ ਸ਼ੁਰੂ ਹੋ ਜਾਂਦੀ ਹੈ, ਇਸ ਲਈ ਵਿਸਾਖੀ ਦਾ ਤਿਉਹਾਰ ਹੋਰਾਂ ਖੁਸ਼ੀਆਂ ਦੇ ਨਾਲ ਆਰਥਿਕ ਖੁਸ਼ਹਾਲੀਆਂ ਵੀ ਲੈ ਕੇ ਆਉਂਦਾ ਹੈ। ਮਹਾਨ ਕੋਸ਼ ਦੇ ਅਨੁਸਾਰ ਵਿਸਾਖੀ ਦਾ ਪੁਰਬ ਭਾਈ ਪਾਰੋ ਪਰਮ ਹੰਸ ਨੇ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਸ਼ੁਰੂ ਕੀਤਾ ਸੀ।

ਵਿਸਾਖੀ ਦੇ ਦਿਹਾੜੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੇ 1699 ਈਸਵੀ ਨੂੰ ਕੇਸਗੜ੍ਹ ਵਿੱਚ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਮਿਆਨ ਵਿੱਚੋਂ ਤਲਵਾਰ ਧੂਹ ਕੇ ਸੰਗਤ ਦੇ ਭਾਰੀ ਇਕੱਠ ਵਿੱਚੋਂ ਗੁਰੂ ਸਾਹਿਬ ਨੇ ਇਕ ਸੀਸ ਦੀ ਮੰਗ ਕੀਤੀ। ਇਸ ਮੰਗ ਮੁਤਾਬਕ ਇਕ-ਇਕ ਕਰਕੇ ਪੰਜ ਪਿਆਰਿਆਂ ਨੇ ਆਪਣੇ ਸੀਸ ਅਰਪਣ ਕੀਤੇ। ਗੁਰੂ ਗੋਬਿੰਦ ਸਿੰਘ ਨੇ ਇਨ੍ਹਾਂ ਪੰਜ ਪਿਆਰਿਆਂ ਦੀ ਸਮਰਪਣ ਭਾਵਨਾ ਪਰਖ ਕੇ ਅੰਮ੍ਰਿਤ ਦੀ ਦਾਤ ਬਖਸ਼ੀ ਤੇ ਪੰਜ ਪਿਆਰਿਆਂ ਤੋਂ ਖੁਦ ਅੰਮ੍ਰਿਤ ਛਕ ਕੇ 'ਆਪੇ ਗੁਰ ਚੇਲਾ' ਦੇ ਨਾਂ ਨਾਲ ਖਾਲਸੇ ਨੂੰ ਨਵੀਂ ਪਛਾਣ ਦਿੱਤੀ। ਦਸਮੇਸ਼ ਪਿਤਾ ਨੇ ਵਿਸਾਖੀ ਵਾਲੇ ਦਿਨ ਕਿਰਤੀ ਸਿੰਘਾਂ ਦੇ ਸਿਰਾਂ 'ਤੇ ਆਪਣੇ ਹੱਥੀਂ ਕਲਗੀਆਂ ਸਜਾਈਆਂ ਤੇ ਪੰਜ ਪਿਆਰਿਆਂ ਨੂੰ ਆਪਣਾ ਹੀ ਰੂਪ ਮੰਨਿਆ।

ਵਿਸਾਖੀ ਦੇ ਦਿਹਾੜੇ 'ਤੇ ਪੰਜਾਬ ਵਿੱਚ ਥਾਂ-ਥਾਂ ਮੇਲੇ ਭਰਦੇ ਹਨ। ਭਾਵੇਂ ਪੁਰਾਤਨਤਾ ਦਾ ਗੂੜ੍ਹਾ ਰੂਪ ਮੇਲਿਆਂ ਵਿੱਚ ਨਹੀਂ ਰਿਹਾ, ਫਿਰ ਵੀ ਕਿਤੇ-ਕਿਤੇ ਘੋਲ ਤੇ ਕੁਸ਼ਤੀਆਂ ਹੁੰਦੀਆਂ ਹਨ। ਅਖਾੜੇ, ਗਵੰਤਰੀਆਂ ਦੇ ਗੌਣ, ਕਵੀਸ਼ਰੀ ਤੇ ਢੱਡ ਸਾਰੰਗੀ ਨਾਲ ਸੂਰਮਗਤੀ ਦੀਆਂ ਵਾਰਾਂ ਲੱਗਦੀਆਂ ਹਨ। ਭੰਗੜੇ ਪੈਂਦੇ ਹਨ, ਗਤਕੇਬਾਜ਼ੀ ਹੁੰਦੀ ਹੈ, ਮਾਲਵੇ ਦੇ ਮਰਦਾਂ ਦੇ ਗਿੱਧਿਆਂ ਵਿੱਚ ਧਮਾਲਾਂ ਕਿਧਰੇ-ਕਿਧਰੇ ਨਜ਼ਰੀਂ ਪੈਂਦੀਆਂ ਹਨ ਤੇ ਬਾਜ਼ੀਗਰ ਆਪਣੀਆਂ ਕਲਾਬਾਜ਼ੀਆਂ ਦਿਖਾਉਂਦੇ ਹਨ।

12 ਅਪ੍ਰੈਲ 1857 ਦੀ ਵਿਸਾਖੀ ਦਾ ਵੀ ਇਤਿਹਾਸ ਵਿੱਚ ਅਹਿਮ ਸਥਾਨ ਹੈ। ਇਸ ਦਿਨ ਦੀ ਵਿਸਾਖੀ ਵੀ 1699 ਈਸਵੀ ਦੀ ਵਿਸਾਖੀ ਵਾਂਗ ਦੇਸ਼ ਵਾਸੀਆਂ ਲਈ ਆਜ਼ਾਦੀ ਦਾ ਪੈਗਾਮ ਲੈ ਕੇ ਆਈ। ਇਸ ਦਿਨ ਕੂਕਾ ਅੰਦੋਲਨ ਦੇ ਬਾਨੀ ਬਾਬਾ ਰਾਮ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੀ ਦੱਸੀ ਰਹਿਤ ਮਰਿਆਦਾ ਮੁਤਾਬਕ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਭਾਰਤ ਵਿੱਚ ਅੰਗਰੇਜ਼ਾਂ ਦੇ ਰਾਜ ਖਿਲਾਫ ਆਜ਼ਾਦੀ ਪ੍ਰਾਪਤੀ ਦਾ ਬਿਗਲ ਵਜਾ ਦਿੱਤਾ। ਉਸ ਸਮੇਂ ਦੀਆਂ ਲੋਕ ਬੋਲੀਆਂ ਵਿੱਚ ਆਜ਼ਾਦੀ ਸੰਘਰਸ਼ ਦੇ ਇਸ ਬਿਰਤਾਂਤ ਨੂੰ ਇੰਝ ਬਿਆਨ ਕੀਤਾ ਹੈ:

ਅਠਾਰਾਂ ਸੌ ਸਤਵੰਜਾ ਦੇ ਵਿੱਚ ਜਦੋਂ ਵਿਸਾਖੀ ਆਈ।
ਦੂਰ-ਦੂਰ ਤੱਕ ਘੱਲ ਸੁਨੇਹੇ ਸੰਗਤ ਗੁਰਾਂ ਬੁਲਾਈ।
ਕੌਡਿਆਂ ਤਾਈ ਸੰਤ ਬਣਾ ਕੇ, ਗੁਰਸਿੱਖੀ ਰੁਸ਼ਨਾਈ।
ਬਿੱਲਿਆਂ ਦਾ ਮਿਲਵਰਤਨ ਛੱਡ ਕੇ, ਕੂਕਾ ਲਹਿਰ ਚਲਾਈ।
ਰਾਮ ਸਿੰਘ ਸਤਿਗੁਰ ਨੇ, ਗੋਰਿਆਂ ਨੂੰ ਭਾਜੜ ਪਾਈ।

ਵਿਸਾਖ ਵਿੱਚ ਪੀਲੇ ਫੁੱਲਾਂ ਵਾਲੀ ਸਰੋਂ ਦੀ ਫਸਲ ਦੀਆਂ ਪਲੀਆਂ ਦਾਣਿਆਂ ਨਾਲ ਭਰ ਜਾਂਦੀਆਂ ਹਨ ਅਤੇ ਹਰੀਆਂ ਕਚਾਰ ਕਣਕਾਂ ਰੰਗ ਵਟਾ ਕੇ ਸੋਨੇ ਰੰਗੀ ਭਾਅ ਮਾਰਨ ਲੱਗਦੀਆਂ ਹਨ। ਜਦ ਕਿਸਾਨ ਹਵਾਵਾਂ ਨਾਲ ਲਹਿਰਾਉਂਦੇ ਫਸਲਾਂ ਦੇ ਖੇਤ ਵੇਖਦਾ ਹੈ ਤਾਂ ਉਸ ਅੰਦਰ ਖੁਸ਼ੀਆਂ ਦੇ ਬੇਰ ਪੱਕ ਜਾਂਦੇ ਹਨ। ਗੁਲਾਬ ਤੇ ਡੇਲੀਆ ਮਹਿਕਾਂ ਵੰਡਣ ਲੱਗਦਾ ਹੈ। ਬੋਹੜ, ਪਿੱਪਲ, ਟਾਹਲੀਆਂ, ਤੂਤ ਤੇ ਸਮੁੱਚੀ ਬਨਸਪਤੀ ਹਰੇ ਕਚੂਰ ਲਵੇ-ਲਵੇ ਚਮਕੀਲੇ ਨਵੇਂ ਪੱਤਿਆਂ ਨਾਲ ਲਹਿਰਾਉਣ ਲੱਗ ਜਾਂਦੀ ਹੈ। ਅੰਬਾਂ ਨੂੰ ਬੂਰ ਪੈ ਜਾਂਦਾ ਹੈ। ਵਿਸਾਖ ਮਹੀਨੇ ਦੇ ਇਸ ਸੁਹੱਪਣ ਪ੍ਰਤੀ ਧਨੀ ਰਾਮ ਚਾਤ੍ਰਿਕ ਬਹੁਤ ਹੀ ਖੂਬਸੂਰਤ ਸ਼ਬਦਾਂ ਵਿੱਚ ਇੰਝ ਲਿਖਦੇ ਹਨ:

ਪੱਕ ਗਈਆਂ ਕਣਕਾਂ ਲੁਕਾਠ ਰਸਿਆ।
ਬੂਰ ਪਿਆ ਅੰਬਾਂ ਨੂੰ ਗੁਲਾਬ ਹੱਸਿਆ।
ਬਾਗਾਂ ਉਤੇ ਰੰਗ ਫੇਰਿਆ ਬਹਾਰ ਨੇ।
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ।
ਸਾਈਂ ਦੀ ਨਿਗਾਹ ਜੱਗ 'ਤੇ ਸਵੱਲੀ ਏ।
ਚੱਲ ਨੀ ਪ੍ਰੇਮੀਏ, ਵਿਸਾਖੀ ਚੱਲੀਏ।

ਅੱਜ ਕੱਲ੍ਹ ਕੰਬਾਈਨਾਂ ਤੇ ਨਵੀਨ ਤਕਨਾਲੋਜੀ ਦੇ ਅਨੇਕਾਂ ਉਪਕਰਨ ਆ ਗਏ ਹਨ, ਪੁਰਾਤਨ ਸਮੇਂ ਵਿੱਚ ਹਾੜ੍ਹੀ ਦੀ ਫਸਲ ਮੰਗ ਪਾ ਕੇ ਵੱਢਦੇ ਸਨ। ਮੰਗ ਪਾਉਣ ਵਾਲੇ ਸਾਰੇ ਯਾਰ ਬੇਲੀ, ਰਿਸ਼ਤੇਦਾਰ ਇਕੱਠੇ ਹੋ ਕੇ ਪਹਿਲਾਂ ਇਕ ਘਰ ਦੀ ਹਾੜ੍ਹੀ ਵੱਢਦੇ ਤੇ ਫਿਰ ਵਾਰੋ-ਵਾਰੀ ਇਕੱਠੇ ਹੋ ਕੇ ਇਕ ਦੂਜੇ ਘਰ ਦਾ ਕੰਮ ਵਾਰੀ ਨਾਲ ਨਿਬੇੜੀ ਜਾਂਦੇ। ਮੰਗ ਪਾਉਣ ਵੇਲੇ ਹਾੜ੍ਹੀ ਵੱਢਣ ਵਾਲਿਆਂ ਵਿੱਚ ਜੋਸ਼ ਭਰਨ ਲਈ ਖੇਤਾਂ ਵਿੱਚ ਸਾਰਾ-ਸਾਰਾ ਦਿਨ ਢੋਲ ਵੱਜਦਾ। ਇਕ ਦੂਸਰੇ ਨਾਲ ਜ਼ਿਦ ਕੇ ਲੋਕ ਦਾਤੀਆਂ ਨਾਲ ਹਾੜ੍ਹੀ ਵੱਢਦੇ। ਲੋਕ ਬੋਲੀਆਂ ਰਾਹੀਂ ਪਤਨੀ ਆਪਣੇ ਪਤੀ ਨੂੰ ਇਹੋ ਕਹਿੰਦੀ ਨਜ਼ਰ ਆਉਂਦੀ ਹੈ:

ਦਾਤੀ ਨੂੰ ਲਵਾਦੇ ਘੁੰਗਰੂ,
ਹਾੜ੍ਹੀ ਵੱਢੂੰਗੀ ਬਰਾਬਰ ਤੇਰੇ।

ਦਾਤੀਆਂ ਨਾਲ ਹਾੜ੍ਹੀ ਵੱਢਣਾ ਸੌਖਾ ਕੰਮ ਨਹੀਂ ਸੀ। ਸਾਰਾ ਦਿਨ ਉਪਰੋਂ ਸੂਰਜ ਅੱਗ ਵਰ੍ਹਾਉਂਦਾ ਅਤੇ ਹੇਠੋਂ ਧਰਤੀ ਸੇਕ ਮਾਰਦੀ। ਅਜਿਹੇ ਦ੍ਰਿਸ਼ ਨੂੰ ਸਾਡਾ ਸੱਭਿਆਚਾਰ ਲੋਕ ਬੋਲੀਆਂ ਰਾਹੀਂ ਇੰਝ ਪ੍ਰਗਟ ਹੁੰਦਾ ਹੈ:

ਵਾਢੀ ਕਰਦੀ ਮੁਰੱਬਿਆਂ ਵਾਲੀ,
ਤਿੱਪ-ਤਿੱਪ ਚੋਵੇ ਮੁੜ੍ਹਕਾ।

ਪੁਰਾਤਨ ਕਹਾਵਤਾਂ ਬਣੀਆਂ ਹੋਈਆਂ ਹਨ ਕਿ ਪੰਜਾਬੀ ਲੋਕ ਦੁਨੀਆ ਵਿੱਚ ਆਉਂਦੀ ਮੇਲਾ ਮਨਾਉਣ ਲਈ ਹਨ। ਇਨ੍ਹਾਂ ਮੇਲਿਆਂ ਵਿੱਚ ਲੱਖਾਂ ਦੀ ਤਾਦਾਦ ਵਿੱਚ ਲੋਕ ਪਹੁੰਚਦੇ ਹਨ। ਵਿਸਾਖੀ ਦੇ ਮੇਲੇ 'ਤੇ ਜਾਣ ਦਾ ਸਭ ਨੂੰ ਚਾਅ ਹੁੰਦਾ ਹੈ। ਮੁਟਿਆਰਾਂ ਤੋਂ ਮੇਲੇ ਜਾਣ ਦੀ ਖੁਸ਼ੀ ਸਾਂਭੀ ਨਹੀਂ ਜਾਂਦੀ। ਅਜਿਹੇ ਚਾਵਾਂ ਨੂੰ ਲੋਕ ਬੋਲੀਆਂ ਇੰਝ ਸਪੱਸ਼ਟ ਕਰਦੀਆਂ ਹਨ:

ਚਿੱਟਿਆ ਕਬੂਤਰਾ ਚਿੱਟੀਆਂ ਵੇ ਅੱਖੀਆਂ,
ਵਿੱਚ ਕਜਲੇ ਦੀ ਧਾਰੀ ਵੇ ਕਬੂਤਰਾ,
ਸਾਡੀ ਹੋਈ ਐ ਵਿਸਾਖੀ ਦੀ ਤਿਆਰੀ ਵੇ ਕਬੂਤਰਾ।

ਜੇ ਕੋਈ ਮੁਟਿਆਰ ਕਿਸੇ ਕਾਰਨ ਮੇਲੇ ਵਿੱਚ ਜਾ ਨਹੀਂ ਸਕਦੀ ਤਾਂ ਉਹ ਮੇਲੇ ਜਾਂਦੇ ਆਪਣੇ ਪਤੀ ਨੂੰ ਆਖਦੀ ਹੈ:

ਮੈਨੂੰ ਨੱਤੀਆਂ ਭਾਬੋ ਨੂੰ ਪਿੱਪਲ ਪੱਤੀਆਂ,
ਵਿਸਾਖੀ ਤੋਂ ਲਿਆ ਦੀਂ ਹਾਣੀਆਂ।

ਵਿਸਾਖੀ ਦੇ ਮੇਲੇ ਦੀ ਰੌਣਕ ਮਨ ਨੂੰ ਮੋਹ ਲੈਂਦੀ ਹੈ। ਹਰ ਪਾਸੇ ਸਜੇ ਤਿਆਰ ਬਰ ਤਿਆਰ ਲੋਕਾਂ ਦੀ ਭੀੜ ਨਜ਼ਰ ਆਉਂਦੀ ਹੈ। ਖਾਣ ਪੀਣ ਦੇ ਸ਼ੌਕੀਨ ਹਲਵਾਈਆਂ ਤੋਂ ਪਕੌੜੇ, ਮਠਿਆਈਆਂ ਤੇ ਗਰਮਾ ਗਰਮ ਜਲੇਬੀਆਂ ਖਾਂਦੇ ਹਨ। ਬੱਚੇ ਖਿਡੌਣੇ ਤੇ ਨਵੀਆਂ ਤੋਂ ਨਵੀਆਂ ਕਲਾਤਮਿਕ ਢੰਗ ਨਾਲ ਤਿਆਰ ਕੀਤੀਆਂ ਮਨ ਭਾਉਂਦੀਆਂ ਵਸਤਾਂ ਖਰੀਦਦੇ ਹਨ। ਔਰਤਾਂ ਹਾਰ ਸ਼ਿੰਗਾਰ ਦਾ ਸਾਮਾਨ ਵਿਸਾਖੀ ਮੇਲੇ ਤੋਂ ਖਰੀਦਦੀਆਂ ਹਨ। ਸਰਕਸਾਂ, ਚੰਡੋਲਾਂ ਅਤੇ ਤਰ੍ਹਾਂ-ਤਰ੍ਹਾਂ ਦੀਆਂ ਕਲਾਬਾਜ਼ੀਆਂ ਨਾਲ ਚੁਫੇਰੇ ਖੇੜਾ ਹੁੰਦਾ ਹੈ। ਹਰ ਚਿਹਰਾ ਮੁਸਕਰਾਉਂਦਾ ਹੈ। ਵਿਸਾਖੀ ਮੇਲੇ ਦੀ ਰੌਣਕ ਨੂੰ ਵੇਖ ਕੇ ਕਿਸੇ ਗਭਰੇਟ ਮਨ ਵਿੱਚੋਂ ਨਿਕਲੇ ਇਹ ਸ਼ਬਦ ਮਸ਼ਹੂਰ ਲੋਕ ਬੋਲੀ ਦਾ ਰੂਪ ਧਾਰਨ ਕਰ ਗਏ ਹਨ:

ਲੋਕਾਂ ਵੇਖਣਾ ਵਿਸਾਖੀ ਵਾਲਾ ਮੇਲਾ,
ਤੇ ਅਸਾਂ ਤੇਰੀ ਤੋਰ ਵੇਖਣੀ।

ਪਹਿਲਾਂ ਵਰਗੀਆਂ ਖੁਸ਼ੀਆਂ ਖੇੜਿਆ ਵਾਲੇ ਰੂਹ ਨੂੰ ਅਨੰਦ ਦੇਣ ਵਾਲੇ ਵਿਸਾਖੀ ਮੇਲੇ ਮੁੜ ਵੇਖਣ ਲਈ ਸਾਨੂੰ ਸਾਡੇ ਸੱਭਿਆਚਾਰ, ਮਾਂ ਬੋਲੀ, ਪਿਤਾ ਪੁਰਖੀ ਜੜ੍ਹਾਂ ਨਾਲ ਜੁੜ ਕੇ ਕੁਦਰਤ ਨਾਲ ਇਕ ਸੁਰ ਹੋ ਕੇ ਚੱਲਣਾ ਪਵੇਗਾ।


AUJLA LAW OFFICE

NOTARY PUBLIC

Barrister, Solicitor & Notary Public

ਵਿਸਾਖੀ ਦੀ ਲੱਖ ਲੱਖ ਵਧਾਈ



Harsimrat Aujla

Call: 905-564-0040

7045 Edward Blvd,. Unit # 305 Mississauga ON L5S 1X2

# ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ ।।
# ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ।।



ਕਰਨੈਲ ਸਿੰਘ ਟੋਰਾਂਟੋ (416) 746-4642

ੴ ਸਤਿਗੁਰ ਪ੍ਰਸਾਦਿ ॥

ਭੂਮਕਾ :- ਇਕ ਦਿਨ ਦਸਮੇਸ਼ ਪਿਤਾ ਜੀ ਨੇ ਸਿੱਖ ਧਰਮ ਪ੍ਰਤੀ ਉਪਦੇਸ਼ ਸੁਣਾਇਆ। ਖਾਲਸੇ ਨੂੰ ਸਦਾ ਹੀ ਚਤਰ = ਹੁਸ਼ਿਆਰ ਹੋ ਕੇ ਰਹਿਣਾ ਚਾਹੀਦਾ ਹੈ। ਅਸੀਂ ਖਾਲਸੇ ਨੂੰ ਰਾਜ ਅਤੇ ਜੋਗ ਦੋਵੇਂ ਹੀ ਬਖਸ਼ੇ ਹਨ। ਪਰ ਮੇਰਾ ਸਿੰਘ ਆਪਣੇ ਧਰਮ ਨੂੰ ਆਪਣੀ ਜਾਨ ਤੋਂ ਵੀ ਉਚਾ ਜਾਂ ਜਾਨ ਤੋਂ ਪਿਆਰਾ ਜਾਣੇਂ। ਕੇਸਾਂ ਸ੍ਵਾਸਾਂ ਦੇ ਨਾਲ ਨਾਲ ਨਿਭਾਵੇ, ਸਿੱਖ ਧਰਮ ਦੇ ਅਸੂਲਾਂ ਨੂੰ। ਧਰਮ ਦੀ ਕ੍ਰਿਤ ਕਰੇ। ਮੇਰਾ ਖਾਲਸਾ ਸਦਾ ਸੱਚ ਬੋਲੇ, ਆਪਣੇ ਇਸ਼ਟ ਬਿਨਾਂ ਕਿਸੇ ਨੂੰ ਨਾ ਮੰਨੇਂ। ਦੂਜੇ ਧਰਮਾਂ ਦੀ ਨਿੰਦਿਆ ਨਹੀਂ ਕਰਨੀਂ। ਆਪਣੇਂ ਧਰਮ ਦਾ ਸਤਕਾਰ ਕਰੋ। ਗੁਰਬਾਣੀ ਤੇ ਨਿਹਚਾ ਰੱਖਣਾ , ਗੁਰਮਤਿ ਵਿਚ ਪੱਕੇ ਰਹਿਣਾ ਹੈ। ਮੇਰਾ ਸਿੱਖ ਉਹ ਹੀ ਹੈ,

ਰਹਿਣੀ ਰਹੈ ਸੋਈ ਸਿੱਖ ਮੇਰਾ ॥ ਉਹ ਠਾਕੁਰ ਮੈ ਉਸਕਾ ਚੇਰਾ ॥ (ਰਹਿਤ ਨਾਮਾਂ)

ਜੋ ਖੰਡੇ ਦੀ ਪਾਹੁਲ ਛੱਕੇ, ਉਪਰ ਲਿਖੀਆਂ ਨਸ਼ੀਹਤਾਂ ਨੂੰ ਕਮਾਵਹਿ।

ਗਰਮੁਖਾਂ ਦੀ ਸੰਗਤਿ ਕਰਨੀਂ ਹੈ, ਮਨਮੁਖਾਂ ਦੀ ਨਿਗੁਰਿਆਂ ਦੀ ਕੁਸੰਗਤ ਨਹੀਂ ਕਰਨੀ।

ਬੈਂਤ :- ਉਠ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ, ਗਰਬਾਣੀ ਦਾ ਜਪਨਾ ਜਾਪ ਸਿੰਘੋ।

ਹਿਰਦੇ ਇਕ ਅਕਾਲ ਦਾ ਧਯਾਨ ਧਰਨਾ, ਮਿਟ ਜਾਨ ਸਰੀਰ ਦੇ ਤਾਪ ਸਿੰਘੋ।

ਧਰਮ ਵਿਦਯਾ, ਗੁਰਮੁਖੀ ਸਦਾ ਪੜ੍ਹਨੀ ਰਹਿਨਾ ਨਹੀਂ ਅਨਪੜ੍ਹ ਕਦਾਪ ਸਿੰਘੋ।

ਕਰਨੀ ਧਰਮ ਦੀ ਕਿਰਤ ਕਰਤਾਰ ਸਿੰਘਾ, ਨਾ ਕਦੇ ਕਮਾਵਨਾ ਪਾਪ ਸਿੰਘੋ।

੧. ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।
੨. ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।
੩. ਗੁਰੁ ਸਿਮਰਿ ਮਨਾਈ ਕਾਲਕਾ ਪੰਡੇ ਕੀ ਵੇਲਾ।
੪. ਪੀਓ ਪਾਹੁਲ ਖੰਡੇ ਧਾਰ ਹੋਏ ਜਨਮ ਸੁਹੇਲਾ।
ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧॥

ਸੰਖੇਪ ਅਰਥ :- ਹੇ ਸਿਖੋ, ਖੰਡੇ ਬਾਟੇ ਦਾ ਤਿਆਰ ਕੀਤਾ ਅੰਮ੍ਰਿਤ ਛਕੋ। ਆਪ ਜੀ ਦਾ ਜਨਮ ਸਫਲ ਹੋਵੇਗਾ। ਗੁਰ ਸੰਗਤਿ ਕੀਨੀ ਖਾਲਸਾ = ਸੰਗਤਿ ਕੀਤੀ ਅੰਮ੍ਰਿਤ ਧਾਰੀ ਦੀ ਖਾਲਸੇ ਦੀ ਥਾਏਂ ਪੈਂਦੀ ਹੈ, ਮਨਮੁਖੀ ਨਿਗੁਰਾ ਪੁਰਸ਼ ਦੁਹੇਲਾ = ਦੁਖੀ ਹੁੰਦਾ ਹੈ। ਉਸ ਦੀ ਗਤੀ ਨਹੀਂ ਹੁੰਦੀ। ਨਰਕਾਂ ਵਿਚ ਜਾਂ ਚਉਰਾਸੀ ਲੱਖ ਜੂਨਾਂ ਵਿਚ ਦੁੱਖੀ ਹੁੰਦਾ ਹੈ। ਗੁਰੂ ਤੋਂ ਹੀਣੇ ਦੇ ਤੀਰਥਾਂ ਤੇ ਨਾਹ ਕੇ ਵੀ ਪਾਪ ਨਹੀਂ ਉਤਰਦੇ।

1. ਗੰਗਾ ਜਮੁਨ ਗੋਦਾਵਰੀ ਕੁਲਖੇਤ ਸਿਧਾਰੇ।
2. ਮਥੁਰਾ ਮਾਇਆ ਅਯੁਧਿਆ ਕਾਂਸੀ ਕੇਦਾਰੇ।
3. ਗਇਆ ਪਿਰਾਗ ਸਰਸੁਤੀ ਗੋਮਤੀ ਦੁਆਰੇ।
4. ਜਪੁ ਤਪੁ ਸੰਜਮੁ ਹੋਮ ਜੋਗ ਸਭ ਦੇਵ ਜੁਹਾਰੇ।
5.ਅਖੀ ਪਰਣੈ ਜੇ ਭਵੈ ਤਿਹੁ ਲੋਅ ਮਝਾਰੇ।
6. ਮੁਲਿ ਨ ਉਤਰੈ ਹਤਿਆ ਬੇਮੁਖ ਗੁਰਦੁਆਰੇ ।
ਵਾਰ ੩੪-ਪਾਉੜੀ ੧੭

ਅਰਥ :- ਉਤੇ ਲਿਖੇ ਸਾਰੇ ਪਵਿਤ੍ਰ ਤੀਰਥਾਂ ਦੇ ਅਸ਼ਨਾਨ ਕਰ ਲਵੇ ਮਨਮੁਖ ਪੁਰਖ।

ਜਪੁ ਤੋਂ ਭਾਵ ਪਾਠ ਗ੍ਰੰਥਾਂ ਦੇ, ਜ੍ਰਿਨੇਂ ਮਰਜੀ ਕਰ ਲਵੇ। ਤਪ= ਆਪਣੇ ਹਥਾਂ ਪੈਰਾ ਦੁਆਰਾ ਧਾਰਮਕ ਅਦਾਰਿਆਂ ਵਿਚ ਸੇਵਾ ਕਰਦਾ ਹੋਵੇ । ਸੰਜਮ ਜੁਗਤੀਆਂ ਦੁਅਰਾ ਇੰਦ੍ਰੀਆਂ ਤੇ ਕੰਟਰੋਲ ਕਰ ਲਵੇ। ਦੇਸੀ ਘਿਓ ਦਾ ਹਮਨ ਕਰ ਲਵੇ। ਜਗ ਕਰ ਲਵੇ, ਜਿਸ ਨੂੰ ਅਸੀਂ ਆਪਣੀ ਬੋਲੀ ਵਿਚ ਲੰਗਰ ਕਹਿੰਦੇ ਹਾਂ। ਅਖਾਂ ਦੇ ਪਰਣੇ ਭਾਵ ਸਿਰ ਹੇਠਾਂ ਪੈਰ ਉਪਰ ਨੂੰ ਕਰਕੇ ਤਿੰਨਾਂ ਲੋਕਾਂ ਵਿਚ ਭਾਵੇਂ ਫਿਰ ਆਵੇ।

ਮੂਲਿ ਨ ਉਤਰੈ ਹਤਿਆ ਬੇਮੁਖ ਗੁਰਦੁਆਰੇ ॥ ਪਰ ਨਿਗੁਰੇ ਦੀ ਹਤਿਆ = ਪਾਪ ਉਤੇ ਲਿਖੇ ਸੁਭ ਕਰਮਾਂ ਨਾਲ ਵੀ ਨਹੀਂ ਉਤਰਦੀ।

ਤਥਾ :- ਸਤਿਗੁਰ ਬਾਝਹੁ ਗੁਰੁ ਨਹੀ ਕੋਈ, ਨਿਗੁਰੇ ਕਾ ਹੈ ਨਾਉ ਬੁਰਾ ॥ ਪੰਨਾ ੪੩੫

ਤਥਾ:- ਮਨਮੁਖਿ ਪੜਹਿ ਤੇਤਾ ਦੁਖੁ ਲਾਗੈ ਵਿਣੁ ਸਤਿਗੁਰ ਮੁਕਤਿ ਨ ਹੋਈ ॥ ਪੰਨਾ ੪੩੫

ਅਰਥ :- ਨਿਗੁਰੇ ਪੁਰਖ ਦਾ ਨਾਮ ਲੈਣਾ ਵੀ ਬੁਰਾ ਹੈ, ਨਿਗੁਰੇ ਪੁਰਖ ਦੇ ਪਾਪਾਂ ਦੀ ਨਵਿਰਤੀ ਨਹੀਂ ਹੁੰਦੀ। ਨਿਗੁਰੇ ਦੀ ਕੁਸੰਗਤ ਕਰਨ ਵਾਲੇ ਨੂੰ, ਨਿਗੁਰੇ ਦੇ ਪਾਪ ਲੱਗ ਜਾਂਦੇ ਹਨ।

ਮਨਮੁਖ ਪੁਰਸ਼ ਜਿਤਨੇ ਗ੍ਰੰਥ ਪੜ੍ਹਦਾ ਹੈ, ਤਿਤਨਾ ਨਿਗੁਰੇ ਨੂੰ ਹੋਰ ਦੁਖ ਲਗਦਾ ਹੈ।

ਸਤਗੁਰਾਂ ਤੋਂ = ਭਾਵ ਗੁਰੂ ਧਾਰਨ ਕੀਤੇ ਬਿਨਾਂ ਮੁਕਤੀ ਨਹੀਂ ਮਿਲਦੀ।

ਨੋਟ:-ਜਿਸਨੂੰ ਤੁਸੀਂ ਗੁਰੂ ਧਾਰਨ ਕਰਕੇ, ਗੁਰ ਉਪਦੇਸ਼ ਸੁਣਦੇ ਹੋ ਉਹੀ ਤੁਹਾਡਾ ਸਤਿਗੁਰੂ ਹੈ। ਇਹ ਫੈਸਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ।

ਪਿਆਰਿਓ ਮਨੁੱਖਾ ਜੂਨੀ ਦੀ ਸਫਲਤਾ ਲਈ ਗੁਰੂ ਜ਼ਰੂਰ ਧਾਰਨ ਕਰੋ।ਸੰਗਤਿ ਗੁਰੂ ਵਾਲੇ ਦੀ ਹੀ ਕਰੋ, ਗੁਰਬਾਣੀ ਦੀ ਸਿਖਿਆ ਲੈਣੀ ਹੋਵੇ, ਜਾਂ ਗੁਰਬਾਣੀ ਦੀ ਵਿਚਾਰ ਕਰਨੀ ਹੋਵੇ । ਜਾਂ ਸਿੱਖ ਇਤਿਹਾਸ ਦੇ ਪੰਨਿਆ ਤੋਂ ਜਾਣੂ ਹੋਣਾ ਹੋਵੇ, ਤਾਂ ਸਾਬਤ ਸੂਰਤ ਵਾਲੇ ਗੁਰਸਿੱਖਾਂ ਤੋਂ ਹੀ ਪੁਛੋ।ਸਾਬਤ ਸੂਰਤ ਰਬ ਦੀ ਭੰਨੈਂ ਬੇਈਮਾਨ।

ਗੁਰੂ ਜੀ :- ਮੇਰਾ ਸਿੱਖ ਨਹੀਂ ਪੌਹੁਲ ਛਕੇ ਬਿਨਾਂ, ਕੇਸ ਧਾਰੀਆਂ ਭੇਖੀ ਕਹਾਏ ਜੇਹੜਾ ।

ਮੇਰਾ ਸਿੱਖ ਨਹੀਂ ਛੱਡ ਸਿੰਘਾਂ ਤਾਈਂ ਮੋਨੇ ਨਾਲ ਸੰਬੰਧ ਬਨਾਏ ਜੇਹੜਾ।

ਮੇਰਾ ਸਿੱਖ ਨਹੀਂ ਮੇਰੀ ਰਹਿਤ ਬਿਨਾਂ, ਐਵੇਂ ਝੂਠਾਹੀ ਸਿੱਖ ਅਖਵਾਏ ਜੇਹੜਾ।

ਤਥਾ = ਧਰੇ ਕੇਸ ਪਾਹੁਲ ਬਿਨਾਂ ਭੇਖੀ ਮੂਰਖ ਸਿੱਖ, ਮੇਰਾ ਦਰਸ਼ਨ ਨਾਹਿ ਤਿਸ ਪਾਪੀ ਤਿਆਗੇ ਭਿੱਖ ॥

ਤਥਾ:- ਬੇਟੀ ਦੇਵਨੀ ਸਿੱਖ ਨੂੰ ਸੋਧ ਕਰਕੇ , ਲੜ ਮੋਨੇ ਦਾ ਮੂਲ ਫੜਾਵਨਾ ਨਹੀਂ।

ਗੁਰੂ ਗ੍ਰੰਥ ਅਕਾਲ ਦੇ ਨਾਮ ਬਿਨਾਂ, ਕਿਤੇ ਹੋਰ ਥਾਂ ਸਿਰ ਨਿਵਾਵਨਾ ਨਹੀਂ।

ਕੇਸ ਸਿਰਾਂ ਦੇ ਰਖਨੇ ਸਦਾ ਸਾਬਤ, ਰੋਮ ਜਿਸਮ ਤੋਂ ਕਦੇ ਕਟਾਵਨਾ ਨਹੀਂ।

ਨੋਟ:- ਪਹਿਲਿਆਂ ਜੁਗਾਂ ਵਿਚ ਰਾਮ ਚੰਦ੍ਰ ਜੀ, ਕ੍ਰਿਸਨ ਜੀ ਦੁਆਪਰ ਜੁਗ ਦੇ ਅਵਤਾਰ ਕੇਸਾਂ ਧਾਰੀ ਹੀ ਸਨ। ਬ੍ਰਹਮਾਂ ਜੀ ਜਿਨ੍ਹਾਂ ਨੇਂ ਪ੍ਰਮਾਤਮਾਂ ਦੇ ਹੁਕਮ ਅਨੁਸਾਰ ਸ੍ਰਿਟੀ ਦੀ ਰਚਨਾਂ ਕੀਤੀ ਹੈ, ਕੇਸਾਂ ਧਾਰੀ ਹਨ, ਬ੍ਰਹਮਾਂ ਜੀ ਜਿਹੜੇ ਹੁਣ ਵੀ ਆਪਣੀ ਡਿਊਟੀ ਨਿਭਾ ਰਹੇ ਹਨ । ਸ਼ਿਵਜੀ, ਬਿਸਨੂੰ ਭਗਵਾਨ ਸਭ ਕੇਸ ਰਖਦੇ ਹਨ,ਆਪਾਂ ਫੋਟੋਆਂ ਦੇਖਦੇ ਹਾਂ। ਜਿਸ ਵੇਲੇ ਮੁਸਲਮਾਨਾਂ ਦੇ ਰਾਜ ਭਾਗ ਦਾ ਜ਼ੋਰ ਵਧਿਆ ਹਿੰਦੋਸਤਾਨ ਅੰਦਰ, ਉਸ ਵੇਲੇ ਜ਼ਵਰਦਸਤੀ ਹਿੰਦੂਆਂ ਨੂੰ ਕੇਸ ਕਟਾਉਣ ਦਾ ਹੁਕਮ ਚਾਹੜਿਆ ਸੀ। ਔਰੰਗਜ਼ੇਵ ਨੇਂ। ਲੋਕ ਡਰਦੇ ਮਾਰੇ ਕੇਸ ਕਟਾਣ ਲੱਗ ਪਏ, ਪੰਡਤਾਂ ਨੇ ਬਚਿਆਂ ਦੇ ਮੁੰਡਨ ਸੰਸਕਾਰ ਦੀ ਰੀਤੀ ਚਲਾ ਦਿਤੀ। ਦਸ਼ਮੇਸ ਪ੍ਰਕਾਸ ਦੇ ਕਰਤਾ ਗਿਆਨੀਂ ਕਰਤਾਰ ਸਿੰਘ ਜੀ, ਲਿਖਦੇ ਹਨ:-

ਬੈਂਤ :- ਪਹਿਲੇ ਸਮੇਂ ਵੱਲ ਨਿੱਗਾ ਮਾਰ ਦੇਖੋ, ਸੱਭੇ ਹੋਮਦੇ ਸਨ ਲੋਕ ਕੇਸਾਂ ਧਾਰੀ।

ਪੜ੍ਹ ਦੇਖੋ ਪੁਰਾਣ ਰਾਮਾਇਣ ਆਦਿਕ, ਉਥੋਂ ਪ੍ਰਗਟ ਹੋ ਜਾਇਗੀ ਗਲ ਸਾਰੀ।

ਬ੍ਰਹਮਾ ਵਿਸ਼ਨ ਮਹਾਂਦੇਵ ਦੇ ਚਿਤ੍ਰ ਦੇਖੋ, ਜੂੜੇ ਸਿਰਾਂ ਉਤੇ ਸੋਹਣੀ ਛੱਬ ਨਿਆਰੀ।

ਰਾਮ ਚੰਦ੍ਰ ਕ੍ਰਿਸ਼ਨ ਦੀਆਂ ਤਸਵੀਰਾਂ ਦੇਖੋ, ਜਿਨ੍ਹਾਂ ਬਣੀਆਂ ਬੀਤ ਗਏ ਸਮੇਂ ਭਾਰੀ।

ਰਿਖੀ ਮੁਨੀ ਅਵਤਾਰ ਹੋਏ ਕੇਸ ਧਾਰੀ, ਦੇ ਰਹੇ ਗ੍ਰੰਥ ਗਵਾਹੀ ਜ਼ਾਹਰੀ।

ਬੀਤੇ ਜੁਗਾਂ ਪਿਛੇ ਕਰਤਾਰ ਸਿੰਘਾ,ਨ ਮਨਾਉਂਦਾ ਸੀ ਕੋਈ ਕੇਸ ਦਾੜ੍ਹੀ।

ਨੋਟ:- ਪੁਰਾਤਨ ਗ੍ਰੰਥ ਪੜਨ ਤੋਂ ਪਤਾ ਲਗਦਾ ਹੈ, ਜਿਸਨੂੰ ਬੜੀ ਭਾਰੀ ਸਜਾ ਦੇਣੀ ਹੁੰਦੀ ਸੀ, ਹਾਕਮ ਲੋਕ ਉਸ ਦਾ ਸਿਰ ਮੁੰਨ ਦਿੰਦੇ ਸਨ। ਉਹ ਆਦਮੀ ਆਪਣੇ ਆਪ ਨੂੰ ਦੁਨੀਆਂ ਤੋਂ ਮਰ ਗਿਆ ਸਮਝਦਾ ਸੀ, ਜਿਸ ਸਮੇਂ ਰਾਮ ਚੰਦ੍ਰ ਜੀ ਤੇ ਪਰਸਰਾਮ ਦਾ ਝਗੜਾ ਹੋ ਗਿਆ ਸੀ। ਤਾਂ ਲਛਮਨ ਜੀ ਨੇ ਕ੍ਰੋਧ ਨਾਲ ਕਿਹਾ ਹੈ।

ਤਥਾ:- ਰਾਮਚੰਦ੍ਰ ਜੀ ਤੋਂ ਪੁਛਦੇ ਹਨ :- ਕਹੋਂ ਬਾਂਧ ਡਾਰੋ ਕਹੋ ਬਾਰਧ ਉਤਾਰੋ, ਕਹੋਂ ਇਸੇ ਫੜ ਮਾਰੋਂ, ਕਹੋਂ ਜੂਰਾ ਕਾਟ ਲੀਜੀਏ। ਹਨੂਮਾਨ ਨਾਟਕ ਕ੍ਰਿਤ ਹਿਰਦਯ ਰਾਮ।

ਅਰਥ :- ਇਸਨੂੰ ਬੰਨ੍ਹ ਲਮਾਂ। ਦੇਸ ਨਿਕਾਲ ਦੇ ਦੇਮਾਂ। ਜਾਨੋਂ ਮਾਰ ਦੇਵਾਂ। ਜਾਂ ਸਿਰ ਮੰਨਕੇ ਸਜ਼ਾ ਦੇਵਾਂ। ਜਿਸ ਨੂੰ ਸਿਰ ਮੁੰਨਕੇ ਮਰਿਆਂ ਜੈਸੀ ਸਜ਼ਾ ਵੀ ਦੇ ਦੇਣੀ, ਜਿੰਦਾ ਵੀ ਰੱਖ ਲੈਣਾ। ਸਿਰ ਮੁੰਨਣ ਦੀ ਸਜ਼ਾ ਭੁਗਤਨ ਵਾਲਾ ਬੰਦਾ, ਦੁਨੀਆਂ ਦੇ ਮਥੇ ਨਹੀਂ ਸੀ ਲਗਦਾ ਹੁੰਦਾ। ਕ੍ਰਿਸ਼ਨ ਭਗਵਾਨ ਜੀ ਦੀ ਵੱਡੀ ਰਾਣੀ ਰੁਕਮਣੀ ਦੇ ਭਰਾ ਰੁਕਮਣ ਦਾ ਜੂੜਾ ਕਟਿਆ ਸੀ ਕ੍ਰਿਸ਼ਨ ਦੇ ਭਰਾ ਨੇ। ਉਹ ਹੋਰ ਕਿਤੇ ਜਾਕੇ ਵਸਿਆ ਸੀ। ਪਿਤਾ ਦੇ ਰਾਜ ਵਿਚ ਨਹੀਂ ਗਿਆ ਸ਼ਰਮ ਦਾ ਮਾਰਿਆ।

ਸਲੋਕ ਸਹਸ ਕ੍ਰਿਤੀ ਮਹਲਾ ੫॥ਪੰਨਾ 1356

ਗੁਰ ਮੰਤ੍ਰ, ਹੀਣਸ, ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥

ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥

ਅਰਥ :- ਜੋ ਪ੍ਰਾਣੀ ਗੁਰਮੰਤਰ ਤੋਂ ਹੀਣਾ ਹੈ, ਉਸ ਦੇ ਜਨਮ ਨੂੰ ਧ੍ਰਿਗਾਰ ਹੈ। ਉਹ ਖਲ ਮੂਰਖ ਨਿਗੁਰਾ ਪੁਰਸ਼ ਕੂਕਰਹ = ਕੁੱਤਾ ,ਸੂਕਰਹ = ਸੂਰ, ਗਰਧਭਹ= ਗਧਾ, ਕਾਕਹ= ਕਾਂ , ਸਰਪਨਹ = ਸੱਪ ਇਨ੍ਹਾਂ ਜੂਨੀਆਂ ਦੇ ਬਰਾਬਰ ਹੈ।

ਹੋਰ ਵੀ ਕਥਨ ਕਰਦੇ ਹਨ :- ਸਤਿਗੁਰੂ ਜੀ : ਬਿਲਾਵਲ ਮਹਲਾ ੫॥ ਪੰਨਾ 820

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਇ ॥ ਸਾਕਤਿ ਗੀਤ ਨਾਦੁ ਧੁਨਿ ਗਾਵਤ ਬੋਲਤ ਬੋਲ ਅਜਾਏ।

ਅਰਥ :- ਹੇ ਮਨ ਨੂੰ ਮੋਹਨ ਵਾਲੇ ਪ੍ਰਮਾਤਮਾਂ, ਮੇਰੇ ਕੰਨਾ ਵਿਚ ਐਹੋ ਜੇਹੇ ਨਾਸਤਕ ਪੁਰਸ਼ ਦੀ ਆਵਾਜ਼ ਨਾਂ ਸੁਣੇਂ । ਜਿਨ੍ਹਾਂ ਨੇ ਮਨੁਖਾ ਦੇਹੀ ਪਾ ਕੇ ਗੁਰਮੰਤ੍ਰ ਨਹੀਂ ਲਿਆ।

ਸਾਕਤ = ਪਾਪੀ ਪੁਰਸ਼ ਗੀਤ ਗਾਉਂਦੇ ਹਨ ਮਿਠੀਆਂ ਧੁੰਨਾ ਦੁਆਰਾ, ਭਾਵ ਰਾਗਾਂ ਦੁਆਰਾ। ਉਨ੍ਹਾਂ ਦਾ ਗਾਇਆ ਹੋਇਆ ਬਿਨਾਂ ਵਾਹਿਗੁਰੂ ਦੇ ਡਰ ਤੋਂ ਅਤੇ ਬਿਨਾਂ ਪ੍ਰੇਮ ਤੋਂ ਸਾਡੇ ਕੰਨਾ ਵਿਚ ਐਹੋ ਜਿਹੀ ਅਵਾਜ਼ ਨਾਂ ਸੁਣਾਈ। ਉਨ੍ਹਾਂ ਦਾ ਗੁਰਬਾਣੀ ਨੂੰ ਗੀਤ ਬਣਾਕੇ ਗਾਇਆ, ਅਜਾਂਈ ਜਾਂਦਾ ਹੈ।

ਦੋਹਰਾ ॥ ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸਿ ਕੀਨ ॥

ਅੰਤ ਕਾਲਿ ਕਾਤੀ ਕਟਯੋ ਬਾਸੁ ਨਰਕ ਮੋ ਲੀਨ ॥੫੯ ਬਚਿਤ੍ਰ ਨਾਟਕ ਪੰਨਾ 224

ਅਰਥ :- ਜਿਨ੍ਹਾਂ ਪਾਖੰਡੀਆਂ ਨੇਂ ਭੇਸ ਬਣਾ ਕੇ ਜਗਤ ਨੂੰ ਠੱਗਿਆ ਹੈ, ਲੋਕਾਂ ਨੂੰ ਆਪਣੇ ਵਸ ਵਿਚ ਕਰ ਲਿਆ ਹੈ। ਅੰਤ ਸਮੇਂ ਕਾਲ ਦੀ ਛੁਰੀ ਨਾਲ ਕਟੇ ਜਾਣਗੇ, ਉਨ੍ਹਾਂ ਦਾ ਨਰਕਾਂ ਵਿਚ ਵਾਸਾ ਹੋ ਜਾਵੇਗਾ। ॥੫੯॥

ਨੋਟ:- ਜੇ ਗੁਰੂ ਕਾ ਅੰਮ੍ਰਿਤਧਾਰੀ ਸਿੱਖ ਹੋ ਕੇ ਵੀ ਲੋਭ ਲਾਲਚ ਲਈ , ਨਾਟਕ ਚੇਟਕ ਕਰੇਗਾ। ਉਹ ਵੀ ਏਸੇ ਲੇਖੇ ਲੱਗੇਗਾ। ਜੇਹੜੇ, ਗੁਰੂਆਂ ਨਾਲੋਂ ਚੇਲੇ ਮਾਰਕੇ ਵਾਲੇ ਕੰਮ ਕਰਦੇ ਹਨ, ਗੁਰੂਆਂ ਦੀ ਮਰਜੀ ਤੋਂ ਬਗੈਰ। ਨਿਗੁਰਿਆਂ ਲਈ ਅਤੇ ਸਿਰ ਮੁਨਿਆਂ ਲਈ ਕਾਫੀ ਕੁਝ ਉਤੇ ਲਿਖ ਲਿਆ ਹੈ, ਹੁਣ ਇਹ ਸ਼ਬਦ ਤਾਂ ਸਾਡੇ ਤੇ ਵੀ ਢੁਕਦਾ ਹੈ। ਜੋ ਕੁਝ ਅੱਜ ਕਲ ਦਸ਼ਮੇਸ਼ ਪਿਤਾ ਦੇ ਆਪਣੇਂ ਪੁਤਰ ਆਪਸ ਵਿਚੀਂ ਚਾਂਦਾ ਮਾਰੀ ਕਰਦੇ ਹਨ। ਖਾਲਸਾ ਜੀ ਸਤ, ਸੰਤੋਖ, ਧੀਰਜ,ਛਿਮਾਂ, ਵੈਰਾਗ, ਅਹਿੰਸਾ, ਈਰਖਾ ਰਹਿਤ ਗੁਣਾ ਦੇ ਧਾਰਨੀ ਹੋਵੇ। ਲਾਲਚ ਦਾ ਤਿਆਗ ਕਰੋ । ਜੋ ਕੁਝ ਹੋ ਰਿਹਾ ਹੈ ਲੋਭ ਅਤੇ ਲਾਲਚ ਲਈ ਹੋ ਰਿਹਾ ਹੈ।

ਸਲੋਕ ਵਾਰਾਂ ਤੇ ਵਧੀਕ ਮ: ੩॥ ਪੰਨਾ 141

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ ॥
ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਇ ॥

ਅਰਥ:- ਜਿਥੇ ਤਕ ਤੁਹਾਡੀ ਵਾਹ ਲਗਦੀ ਹੈ, ਲੋਭੀ ਪੁਰਸ਼ ਤੇ ਭਰੋਸ਼ਾ ਮਤ ਕਰਨਾ।

ਲਭੀ ਪੁਰਸ਼ ਆਪਣੇ ਸਾਥੀ ਨੂੰ । ਉਥੇ ਧੂਹੈ = ਭੇਜੇਗਾ ਜਿੱਥੇ ਕੋਈ ਹੱਥ ਵੀ ਨਹੀਂ ਪਹੁੰਚੇਗਾ।

ਭਾਵ = ਨਕਰਾਂ ਦੇ ਰਸਤੇ ਵਿਚ ਵੈਤਰਨੀ ਨਦੀ ਦੇ ਰਸਤੇ ਤੇ ਦੁਖੀ ਹੋਵੇਂਗਾ। ਲੋਭ ਕਰਕੇ ਜਾਂ ਲੋਭੀ ਦੀ ਕੁਸੰਗਤ ਕਰਕੇ, ਆਖਿਰ ਨੂੰ ਦੁਖੀ ਹੋਮੇਂਗਾ।

ਖਾਲਸੇ ਵਿਚ ਇਹ ਲੱਛਲਣ ਪਾਏ ਜਾਂਦੇ ਹਨ।

ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ ॥

ਭਾਵ:- ਨਿਸ, ਬਾਸੁਰ = ਦਿਨ ਰਾਤ ਜਿਹੜਾ ਪੁਰਖ ਜਾਗਦੀ ਜੋਤ ਪ੍ਰਮਾਤਮਾਂ ਦਾ ਸਿਮਰਨ ਕਰਦਾ ਹੋਵੇ। ਜਿਸ ਦੇ ਅੰਦਰ ਪ੍ਰਮਾਤਮਾਂ ਦੀ ਜੋਤਿ ਜਗਦੀ ਹੋਵੇ,ਕਿਸੇ ਮੜ੍ਹੀ ਮਸਾਣੀ, ਤੀਰਥਾਂ ਤੇ ਮੱਟਾਂ ਆਦਿਕ ਤੇ ਨਾ ਭਟਕਦਾ ਫਿਰੇ।ਜਿਹੜਾ ਗਰੁਮੁਖਿ ਪ੍ਰਮਾਤਮਾਂ ਨਾਲ ਜੁੜਿਆ ਹੈ, ਤਿੰਨਾਂ ਗੁਣਾ ਤੋਂ ਉਚਾ ਉਠ ਗਿਆ ਹੈ। ਉਸ ਨੂੰ ਕਿਹਾ ਹੈ, ਖਾਲਸਾ ਮੇਰੋ ਸਰੂਪ ਹੈ ਖਾਸ ॥ ਖਾਲਸੇ ਮਹਿ ਹੌਂ ਕਰੋਂ ਨਿਵਸ ॥

ਪੰਨਾ 516

ਤਥਾ:- ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥ ਪੰਨਾ 655

ਅਰਥ :- ਕਬੀਰ ਜੀ ਪਾਸ ਵੀ ਖਾਲਸੇ ਦੀ ਪਦਵੀ ਸੀ। ਪ੍ਰੇਮਾ ਭਗਤੀ ਕਰਨ ਵਾਲੇ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ। ਇਹ ਬ੍ਰਹਮ ਗਿਆਨੀਂ ਦੀ ਅਵਸਥਾ ਹੈ।

ਹੋਈਆਂ ਭੁਲਾਂ ਦੀ ਮੁਆਫੀ ਚਹੁੰਦਾ ਹਾਂ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।




ਪੰਜਾਬੀਆਂ ਦੀ ਅਮੀਰ ਵਿਰਾਸਤ ਨੂੰ ਸਿਜਦਿਆਂ
ਕਰਦਿਆਂ ਆਪ ਸਭ ਨੂੰ ਖਾਲਸੇ ਦੇ ਜਨਮ ਦਿਹਾੜੇ
ਅਤੇ ਵਿਸਾਖੀਆਂ ਦੀ ਲੱਖ ਲੱਖ ਵਧਾਈ

HAPPY
VAISAKHI

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ
ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer



Professional Realty Inc. Brokerage

Tri-City Professional Realty Inc., Brokerage. The Future of Real Estate

416 802 5866

Avtar Tiwana
Sales Rep

Tel: 905.793.5777 Add: 31 Melanie Dr. Unit #4 Brampton, ON L6T 5H8

# ਜਲ੍ਹਿਆਂਵਾਲਾ ਬਾਗ ਕਾਂਡ ਵਿੱਚ ਕਸ਼ਮੀਰੀਆਂ ਦਾ ਬਲੀਦਾਨ

-ਸੰਜੇ ਨਹਾਰ-

13 ਅਪ੍ਰੈਲ 1919 ਨੂੰ ਪੰਜਾਬ ਦੇ ਅੰਮ੍ਰਿਤਸਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਨੇੜੇ ਪੈਂਦੇ ਜਲ੍ਹਿਆਂਵਾਲਾ ਬਾਗ ਵਿੱਚ ਅੰਗਰੇਜ਼ਾਂ ਨੇ ਸੈਂਕੜੇ ਲੋਕਾਂ ਨੂੰ ਮਾਰ ਦਿੱਤਾ ਸੀ। ਉਸ ਹੱਤਿਆ ਕਾਂਡ ਦੀ ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਅਸਾਧਾਰਨ ਮਹੱਤਤਾ ਹੈ। ਇਸ ਤੋਂ ਬਾਅਦ ਸਾਰਾ ਦੇਸ਼ ਬ੍ਰਿਟਿਸ਼ ਰਾਜ ਦੇ ਵਿਰੁੱਧ ਉਠ ਖੜ੍ਹਾ ਹੋਇਆ ਅਤੇ ਬ੍ਰਿਟਿਸ਼ ਸੱਤਾ ਦੀ ਪੁੱਠੀ ਗਿਣਤੀ ਸ਼ੁਰੂ ਹੋਈ। 13 ਅਪ੍ਰੈਲ 2018 ਨੂੰ ਇਸ ਘਟਨਾ ਦਾ ਸ਼ਤਾਬਦੀ ਵਰ੍ਹਾ ਸ਼ੁਰੂ ਹੋ ਰਿਹਾ ਹੈ। 13 ਅਪ੍ਰੈਲ 1919 ਨੂੰ ਵਿਸਾਖੀ ਸੀ। ਸਾਰੇ ਜਾਣਦੇ ਹਨ ਕਿ ਪੰਜਾਬ ਅਤੇ ਆਸਪਾਸ ਦੇ ਰਾਜਾਂ 'ਚ ਇਹ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। 1699 ਨੂੰ ਇਸੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।

ਇਸੇ ਪਵਿੱਤਰ ਦਿਨ ਨੂੰ ਹੀ ਜਲ੍ਹਿਆਂਵਾਲਾ ਬਾਗ ਕਾਂਡ ਵਿੱਚ ਹੋਏ ਘਿਨਾਉਣੇ ਕਤਲ ਕਾਂਡ ਵਿੱਚ ਸਿੱਖਾਂ ਤੇ ਪੰਜਾਬੀ ਭਰਾਵਾਂ ਨੇ ਜੋ ਬਲੀਦਾਨ ਦਿੱਤਾ, ਉਹ ਦੇਸ਼ ਹੀ ਨਹੀਂ ਸਗੋਂ ਦੁਨੀਆ ਦੇ ਇਤਿਹਾਸ ਵਿੱਚ ਦਰਜ ਹੈ, ਪਰ ਇਥੇ ਇੱਕ ਹੋਰ ਗੱਲ ਵੀ ਨਾ ਭੁੱਲੀ ਜਾਵੇ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕਸ਼ਮੀਰ ਵਿੱਚ ਸਿੱਖਾਂ ਦਾ ਰਾਜ ਸੀ। ਉਦੋਂ ਤੋਂ ਕਸ਼ਮੀਰੀਆਂ ਤੇ ਸਿੱਖ-ਪੰਜਾਬੀ ਲੋਕਾਂ ਵਿਚਾਲੇ ਗੂੜ੍ਹਾ ਰਿਸ਼ਤਾ ਬਣਿਆ ਸੀ। ਲੋਕ ਇਧਰੋਂ-ਉਧਰੋਂ ਖੁੱਲ੍ਹ ਕੇ ਆਇਆ-ਜਾਇਆ ਕਰਦੇ ਸਨ। ਜਿਸ ਤਰ੍ਹਾਂ ਕਸ਼ਮੀਰ ਵਿੱਚ ਕਈ ਸਿੱਖ ਪੰਜਾਬੀ ਪਰਵਾਰ ਵਸੇ ਹੋਏ ਹਨ, ਉਸੇ ਤਰ੍ਹਾਂ ਵੱਡੀ ਗਿਣਤੀ ਵਿੱਚ ਕਸ਼ਮੀਰੀ ਲੋਕ ਵੀ ਪੰਜਾਬ ਵਿੱਚ ਵਸੇ ਹੋਏ ਸਨ। ਕਿਹਾ ਜਾਂਦਾ ਹੈ ਕਿ 20ਵੀਂ ਸਦੀ ਦੇ ਸ਼ੁਰੂ ਵਿੱਚ 21 ਹਜ਼ਾਰ ਤੋਂ ਵੱਧ ਕਸ਼ਮੀਰੀ ਪੰਜਾਬ 'ਚ ਰਹਿ ਰਹੇ ਸਨ। ਸੁਭਾਵਿਕ ਤੌਰ 'ਤੇ ਪੰਜਾਬ ਦੇ ਆਜ਼ਾਦੀ ਸੰਗਰਾਮ ਨੂੰ ਨਵੀਂ ਦਿਸ਼ਾ ਦੇਣ ਵਾਲੀ ਇਸ ਘਟਨਾ ਸਮੇਂ ਜਲ੍ਹਿਆਂਵਾਲਾ ਬਾਗ ਵਿੱਚ ਜਿਨ੍ਹਾਂ ਲੋਕਾਂ ਨੇ ਬਲੀਦਾਨ ਦਿੱਤਾ, ਉਨ੍ਹਾਂ 'ਚ ਕਈ ਕਸ਼ਮੀਰੀ ਸਨ। ਬਦਕਿਸਮਤੀ ਨਾਲ ਇਸ ਦੀ ਕੋਈ ਖਾਸ ਚਰਚਾ ਹੁੰਦੀ ਦਿਖਾਈ ਨਹੀਂ ਦਿੰਦੀ, ਪਰ ਇਹ ਸੱਚ ਹੈ।

ਭਾਰਤ, ਖਾਸ ਕਰ ਕੇ ਪੰਜਾਬ ਅਤੇ ਬੰਗਾਲ ਵਿੱਚ ਅੰਗਰੇਜ਼ਾਂ ਵਿਰੁੱਧ ਲਗਾਤਾਰ ਚਲਾਏ ਜਾਣ ਵਾਲੇ ਅੰਦੋਲਨ ਨੂੰ ਦਬਾਉਣ ਲਈ ਉਨ੍ਹਾਂ ਦੇ ਨੇਤਾਵਾਂ ਨੂੰ ਬਿਨਾਂ ਕਿਸੇ ਅਪਰਾਧ ਦੇ ਜੇਲ੍ਹਾਂ 'ਚ ਡੱਕਣਾ, ਪ੍ਰਸਾਰ ਮਾਧਿਅਮਾਂ 'ਤੇ ਪਾਬੰਦੀ ਲਾਉਣਾ, ਬਿਨਾਂ ਸੁਣਵਾਈ ਦੇ ਦੋਸ਼ੀ ਕਰਾਰ ਦੇਣਾ ਆਦਿ ਕਈ ਕਾਨੂੰਨ ਸਨ, ਜੋ ਭਾਰਤੀਆਂ ਦੇ ਮੂਲ ਅਧਿਕਾਰਾਂ 'ਤੇ ਡਾਕਾ ਮਾਰਨ ਲਈ ਬਣਾਏ ਗਏ ਸਨ। ਇਸੇ ਤਰ੍ਹਾਂ ਇੱਕ 'ਰੋਲਟ ਐਕਟ' ਸੀ, ਜਿਸ ਵਿਰੁੱਧ ਮਹਾਤਮਾ ਗਾਂਧੀ ਨੇ ਸਾਰੇ ਭਾਰਤੀਆਂ ਨੂੰ ਅੰਦੋਲਨ ਛੇੜਨ ਦਾ ਸੱਦਾ ਦਿੱਤਾ ਸੀ। ਡਾਕਟਰ ਸੱਤਪਾਲ ਤੇ ਸੈਫੂਦੀਨ ਕਿਚਲੂ ਨਾਂਅ ਦੇ ਦੋ ਪੰਜਾਬੀ ਆਗੂਆਂ ਨੇ ਪੰਜਾਬ 'ਚ ਇੱਕ ਅੰਦੋਲਨ ਚਲਾਇਆ ਸੀ। 10 ਅਪ੍ਰੈਲ 1919 ਨੂੰ ਇਨ੍ਹਾਂ ਦੋਵਾਂ ਨੂੰ ਗ੍ਰਿਫਤਾਰ ਕਰ ਕੇ ਅੰਗਰੇਜ਼ਾਂ ਵੱਲੋਂ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ। ਇਸ ਗ੍ਰਿਫਤਾਰੀ ਅਤੇ ਰੋਲਟ ਐਕਟ ਦਾ ਵਿਰੋਧ ਪ੍ਰਗਟਾਉਣ ਲਈ ਡਾਕਟਰ ਮੁਹੰਮਦ ਬਸ਼ੀਰ ਨੇ 13 ਅਪ੍ਰੈਲ 1919 ਨੂੰ ਜਲ੍ਹਿਆਵਾਲਾ ਬਾਗ 'ਚ ਸਭਾ ਦਾ ਆਯੋਜਨ ਕੀਤਾ। ਲਾਲਾ ਕਨ੍ਹਈਆ ਲਾਲ ਭਾਟੀਆ ਉਸ ਸਭਾ ਦੇ ਪ੍ਰਧਾਨ ਸਨ। ਮਿਲਦੀ ਜਾਣਕਾਰੀ ਅਨੁਸਾਰ ਉਸ ਸਭਾ 'ਚ 1000 ਤੋਂ ਵੱਧ ਕਸ਼ਮੀਰੀ ਵੀ ਸਨ। ਸੈਫੂਦੀਨ ਕਿਚਲੂ ਇੱਕ ਕਸ਼ਮੀਰੀ ਮੁਸਲਿਮ ਪਰਵਾਰ 'ਚੋਂ ਸਨ। ਉਨ੍ਹਾਂ ਦੇ ਪਿਤਾ




ਪਸ਼ਮੀਨੇ ਸ਼ਾਲ ਅਤੇ ਕੇਸਰ ਦਾ ਕਾਰੋਬਾਰ ਕਰਦੇ ਸਨ। ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਤੋਂ ਆਇਆ ਕਿਚਲੂ ਪਰਵਾਰ ਮੂਲ ਤੌਰ 'ਤੇ ਕਸ਼ਮੀਰੀ ਪੰਡਿਤ ਸੀ। 18ਵੀਂ ਸਦੀ ਦੇ ਅਖੀਰ ਵਿੱਚ ਉਨ੍ਹਾਂ ਨੇ ਇਸਲਾਮ ਕਬੂਲਿਆ ਸੀ। ਸੈਫੂਦੀਨ ਕਿਚਲੂ ਨੂੰ ਆਪਣੇ ਬ੍ਰਾਹਮਣ ਮੂਲ ਅਤੇ ਭਾਰਤੀ ਹੋਣ 'ਤੇ ਮਾਣ ਸੀ।

ਡਾਕਟਰ ਸੱਤਪਾਲ ਤੇ ਸੈਫੂਦੀਨ ਕਿਚਲੂ ਦੀ ਗ੍ਰਿਫਤਾਰੀ 'ਤੇ ਨਾਰਾਜ਼ਗੀ ਪ੍ਰਗਟਾਉਣ ਲਈ ਇਕੱਠੀ ਹੋਈ ਭੀੜ 'ਤੇ ਜਨਰਲ ਡਾਇਰ ਨੇ ਅੰਨ੍ਹੇਵਾਹ ਗੋਲੀਆਂ ਚਲਵਾਈਆਂ। ਬ੍ਰਿਟਿਸ਼ ਸਰਕਾਰ ਨੇ ਇਸ ਗੋਲੀਕਾਂਡ ਵਿੱਚ ਮਰਨ ਵਾਲਿਆਂ ਦੀ ਜੋ ਸੂਚੀ ਜਾਰੀ ਕੀਤੀ, ਉਸ ਵਿੱਚ 379 ਮ੍ਰਿਤਕਾਂ ਦੇ ਨਾਂਅ ਸਨ। ਅੰਮ੍ਰਿਤਸਰ ਦੇ ਜ਼ਿਲ੍ਹਾ ਕੁਲੈਕਟਰ ਆਫਿਸ ਵਿੱਚ 484 ਮ੍ਰਿਤਕਾਂ ਦੀ ਸੂਚੀ ਹੈ। ਜਲ੍ਹਿਆਂਵਾਲਾ ਬਾਗ ਦੇ ਅਜਾਇਬਘਰ ਵਿੱਚ 379 ਮ੍ਰਿਤਕਾਂ ਦੀ ਸੂਚੀ ਵਿੱਚ 14 ਕਸ਼ਮੀਰੀਆਂ ਦੇ ਨਾਂਅ ਹਨ। ਕਈ ਇਤਿਹਾਸਕਾਰਾਂ ਦੀ ਰਾਏ ਮੁਤਾਬਕ ਕੁੱਲ ਮ੍ਰਿਤਕਾਂ ਤੇ ਉਨ੍ਹਾਂ ਵਿੱਚ ਕਸ਼ਮੀਰੀਆਂ ਦੀ ਗਿਣਤੀ ਇਸ ਨਾਲੋਂ ਕਿਤੇ ਜ਼ਿਆਦਾ ਸੀ। ਪੰਡਿਤ ਮਦਨ ਮੋਹਨ ਮਾਲਵੀਆ ਨੇ ਇਹ ਅੰਕੜਾ 1300 ਤੋਂ ਵੱਧ ਦੱਸਿਆ ਸੀ ਤਾਂ ਅੰਮ੍ਰਿਤਸਰ ਦੇ ਤੱਤਕਾਲੀ ਸਿਵਲ ਸਰਜਨ ਡਾਕਟਰ ਸਮਿਥਨ ਨੇ ਇਹ ਗਿਣਤੀ 1800 ਤੋਂ ਜ਼ਿਆਦਾ ਦੱਸੀ ਸੀ।

ਅੱਜ ਕਿਹਾ ਜਾ ਰਿਹਾ ਹੈ ਕਿ ਕਸ਼ਮੀਰੀ ਲੋਕ ਭਾਰਤ ਦੇ ਨਾਲ ਨਹੀਂ, ਉਹ ਦੇਸ਼ ਧਰੋਹੀ ਹਨ, ਇਨ੍ਹਾਂ ਸੱਪਾਂ ਨੂੰ ਦੁੱਧ ਨਾ ਪਿਲਾਓ ਤੇ ਘੁੰਮਣ-ਫਿਰਨ ਲਈ ਕਸ਼ਮੀਰ ਕੋਈ ਨਾ ਜਾਵੇ। ਇਹ ਪ੍ਰਚਾਰ ਸੋਸ਼ਲ ਮੀਡੀਆ 'ਤੇ ਕਰਨ ਵਾਲੇ ਲੋਕ ਦੇਸ਼ ਦੀ ਆਜ਼ਾਦੀ ਲਈ ਕਸ਼ਮੀਰੀਆਂ ਦੇ ਯੋਗਦਾਨ ਅਤੇ ਜਲ੍ਹਿਆਂਵਾਲਾ ਬਾਗ ਵਿੱਚ ਦਿੱਤੇ ਬਲੀਦਾਨ ਨੂੰ ਭੁੱਲਦੇ ਨਜ਼ਰ ਆ ਰਹੇ ਹਨ। 1919 ਤੋਂ ਬਾਅਦ ਵੀ ਆਜ਼ਾਦੀ ਅੰਦੋਲਨ ਵਿੱਚ ਕਈ ਕਸ਼ਮੀਰੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਸਨ। ਇਸ ਦਾ ਨਿਰਪੱਖ ਅਧਿਐਨ ਹੋਣਾ ਜ਼ਰੂਰੀ ਹੈ। ਜਦੋਂ ਭਾਰਤ ਨੂੰ ਆਜ਼ਾਦੀ ਮਿਲੀ, ਉਦੋਂ ਭਾਸ਼ਾ, ਧਰਮ, ਭੂਗੋਲਿਕ ਸਥਿਤੀ ਅਤੇ ਖੁਦ ਫੈਸਲਾ ਲੈਣ ਦਾ ਅਧਿਕਾਰ ਦੇ ਮੁੱਦਿਆਂ 'ਤੇ ਕਸ਼ਮੀਰੀ ਲੋਕ ਚਾਹੁੰਦੇ ਤਾਂ ਪਾਕਿਸਤਾਨ ਨਾਲ ਮਿਲ ਸਕਦੇ ਸਨ, ਪਰ ਅਜਿਹਾ ਨ ਕਰ ਕੇ ਉਨ੍ਹਾਂ ਨੇ ਭਾਰਤ ਨਾਲ ਜ਼ਿਆਦਾ ਨੇੜਤਾ ਦਿਖਾਈ। ਪਿਛਲੇ 28 ਸਾਲਾਂ ਤੋਂ ਪਾਕਿਸਤਾਨ ਵੱਲੋਂ ਕਸ਼ਮੀਰ ਵਾਦੀ ਵਿੱਚ ਚਲਾਈਆਂ ਜਾ ਰਹੀਆਂ ਅੱਤਵਾਦੀ ਸਰਗਰਮੀਆਂ 'ਚ ਦੇਸ਼ ਲਈ ਮਾਰੇ ਗਏ ਕਸ਼ਮੀਰੀ ਮੁਸਲਿਮ ਪੁਲਸ ਮੁਲਾਜ਼ਮਾਂ ਤੇ ਸੁਰੱਖਿਆ ਬਲਾਂ ਦੇ ਜਵਾਨਾਂ ਦੀ ਗਿਣਤੀ 3000 ਤੋਂ ਜ਼ਿਆਦਾ ਹੈ।

ਅਸਲ 'ਚ ਸ਼ਹੀਦਾਂ ਦਾ ਨਾ ਕੋਈ ਧਰਮ ਹੁੰਦਾ ਹੈ, ਨਾ ਜਾਤ, ਫਿਰ ਵੀ ਜਦੋਂ ਅਸੀਂ ਕਿਸੇ ਸੂਬੇ ਦੇ ਲੋਕਾਂ ਨੂੰ ਦੇਸ਼ਧ੍ਰੋਹੀ ਕਹਿੰਦੇ ਹਾਂ ਤਾਂ ਅਸੀਂ ਉਥੋਂ ਦੀ ਮੌਜੂਦਾ ਸਥਿਤੀ ਦੇ ਕਾਰਨਾਂ ਤੇ ਉਥੇ ਵਿਦੇਸ਼ੀ ਦਖਲ ਵਰਗੀਆਂ ਗੱਲਾਂ ਦਾ ਅਧਿਐਨ ਕੀਤੇ ਬਿਨਾਂ ਹੀ ਟਿੱਪਣੀ ਕਰ ਦਿੰਦੇ ਹਾਂ। ਇਸੇ ਕਾਰਨ ਉਥੇ ਵੱਖਵਾਦ ਦੀ ਭਾਵਨਾ ਤੇਜ਼ ਹੋ ਜਾਂਦੀ ਹੈ।


ਪਿਛਲੇ ਦਿਨੀਂ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਕਿਹਾ ਕਿ 'ਸਾਨੂੰ ਇਸ ਦੇਸ਼ ਨੇ ਆਪਣੇ ਤੋਂ ਦੂਰ ਕੀਤਾ ਹੋਇਆ ਹੈ, ਇਕੱਲਾ ਛੱਡ ਦਿੱਤਾ ਹੈ।' ਉਦੋਂ ਕੋਈ ਸੰਗਠਨ ਜਾਂ ਨੇਤਾ ਇਹ ਕਹਿਣ ਨੂੰ ਅੱਗੇ ਨਹੀਂ ਆਇਆ ਕਿ ਅਸੀਂ ਸਾਰੇ ਇੱਕ ਹਾਂ, ਸਾਰਾ ਦੇਸ਼ ਕਸ਼ਮੀਰੀਆਂ ਦੇ ਨਾਲ ਹੈ।

ਹੁਣ ਜਦੋਂ ਜਲ੍ਹਿਆਂਵਾਲਾ ਬਾਗ ਕਾਂਡ ਦਾ ਸ਼ਤਾਬਦੀ ਵਰ੍ਹਾ ਸ਼ੁਰੂ ਹੋਣ ਜਾ ਰਿਹਾ ਹੈ, ਸਾਨੂੰ ਚਾਹੀਦਾ ਹੈ ਕਿ ਇਸ ਕਾਂਡ ਵਿੱਚ ਸ਼ਹੀਦ ਹੋਏ ਕਸ਼ਮੀਰੀਆਂ ਨੂੰ ਵੀ ਯਾਦ ਨਾ ਕਰਨਾ ਭੁੱਲੀਏ। ਇਸੇ ਘਟਨਾ ਤੋਂ ਬਾਅਦ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਸਾਰਾ ਦੇਸ਼ ਇੱਕ ਹੋ ਕੇ ਅੰਗਰੇਜ਼ਾਂ ਵਿਰੁੱਧ ਉਠ ਖੜ੍ਹਾ ਹੋਇਆ ਸੀ। ਰਬਿੰਦਰਨਾਥ ਟੈਗੋਰ ਨੇ 'ਸਰ' ਦਾ ਖਿਤਾਬ ਮੋੜ ਦਿੱਤਾ, ਲੱਖਾਂ ਨੌਜਵਾਨਾਂ ਨੇ ਦੇਸ਼ ਲਈ ਆਪਣਾ ਘਰ-ਬਾਰ ਛੱਡ ਦਿੱਤਾ। ਸ਼ਹੀਦ ਭਗਤ ਸਿੰਘ ਅਤੇ ਊਧਮ ਸਿੰਘ ਵਰਗਿਆਂ ਨੇ ਮਿਸਾਲੀ ਕੁਰਬਾਨੀਆਂ ਦਿੱਤੀਆਂ। ਮੂਲ ਕਸ਼ਮੀਰੀ ਸੈਫੂਦੀਨ ਕਿਚਲੂ ਨੇ ਸਾਰਾ ਜੀਵਨ ਦੇਸ਼ ਲੇਖੇ ਲਾ ਦਿੱਤਾ। ਕਸ਼ਮੀਰੀ ਮੁਸਲਮਾਨਾਂ ਨੂੰ ਭਾਰਤ ਦੀ ਮੁੱਖ ਧਾਰਾ ਵਿੱਚ ਲਿਆਉਣ 'ਚ ਉਨ੍ਹਾਂ ਦੀ ਅਹਿਮ ਭੂਮਿਕਾ ਰਹੀ ਹੈ। ਇਸ ਮੌਕੇ ਦੇਸ਼ ਉਨ੍ਹਾਂ ਦੇ ਇਸ ਯੋਗਦਾਨ ਦਾ ਸਤਿਕਾਰ ਕਰੇ ਤਾਂ ਇਹ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਇੱਕ ਸੱਚੀ ਸ਼ਰਧਾਂਜਲੀ ਹੋਵੇਗੀ।

Happy Vaisakhi

THE RIGHT BROKER™
THE RIGHT MORTGAGE®






MORTGAGE ALLIANCE

CONTACT ME TODAY FOR DETAILS

Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat
Corp. Office: 200-2005 Sheppard Avenue E, Toronto, ON, M2J 5B4

GET PRE-APPROVED & SHOP WITH CONFIDENCE



Save Money ...with one application you get access to many lenders, from major banks to private lenders, so we can find you the mortgage with the best rate and terms that fit your needs.

Get Pre-Approved ...find out how much you qualify for and get pre-approved so you can choose your dream home with peace of mind.

Expert Advice ...with many years of experience in the financial industry, you'll get the Right counsel.


No Cost ...all my services are at no cost to you. OAC. Some restrictions apply.

- ✓ PURCHASES
- ✓ REFINANCES
- ✓ RENEWALS
- ✓ DEBT CONSOLIDATION
- ✓ SELF-EMPLOYED
- ✓ NEW TO CANADA
- ✓ HOME RENOVATIONS
- ✓ PRIVATE MORTGAGE
- ✓ INVESTMENTS

NOW HIRING
Start your career as a Mortgage Professional.

# ਸਾਕਾ ਜਲ੍ਹਿਆਂ ਵਾਲੇ ਬਾਗ ਦਾ

-ਡਾ. ਮੁਹੰਮਦ ਸ਼ਫੀਕ-



ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ ਸ਼ਹਿਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਨੇੜੇ ਉਹ ਸਥਾਨ ਹੈ, ਜਿਥੇ 13 ਅਪ੍ਰੈਲ 1919 ਨੂੰ ਅੰਗਰੇਜ਼ ਸਰਕਾਰ ਦੇ ਫੌਜੀ ਅਧਿਕਾਰੀ ਜਨਰਲ ਡਾਇਰ ਨੇ ਨਿਹੱਥੇ ਪੰਜਾਬੀਆਂ ਦੇ ਇਕੱਠ 'ਤੇ ਗੋਲੀ ਚਲਵਾਈ ਸੀ, ਇਸ ਦਿਨ ਲੋਕ ਸ੍ਰੀ ਹਰਿਮੰਦਰ ਸਾਹਿਬ ਵਿਸਾਖੀ ਮਨਾਉਣ ਇਕੱਠੇ ਹੋਏ ਸਨ। ਖੁਸ਼ਵੰਤ ਸਿੰਘ ਅਨੁਸਾਰ ਹਰ ਸਾਲ ਵਾਂਗ ਇਸ ਸਾਲ ਦੀ ਘੋੜ ਦੌੜ ਆਦਿ ਕਈ ਪ੍ਰਕਾਰ ਦੀਆਂ ਖੇਡਾਂ ਏਥੇ ਹੋਣੀਆਂ ਸਨ, ਜਿਸ ਕਾਰਨ ਲੋਕ ਦੁਪਹਿਰ ਸਮੇਂ ਆਰਾਮ ਕਰਨ ਲਈ ਬਾਗ ਵਿੱਚ ਇਕੱਠੇ ਹੋਏ ਸਨ। ਸਥਾਨਕ ਕਾਂਗਰਸੀ ਲੀਡਰਾਂ ਨੇ ਇਸ ਸਾਲ ਜਲ੍ਹਿਆਂ ਵਾਲਾ ਬਾਗ ਵਿੱਚ ਜਲਸਾ ਕਰਨ ਦਾ ਫੈਸਲਾ ਕੀਤਾ, ਜਿਸ ਬਾਰੇ 12 ਅਪ੍ਰੈਲ ਨੂੰ ਮੁਨਾਦੀ ਕਰਵਾ ਦਿੱਤੀ ਗਈ ਸੀ।

ਇਸ ਜਲਸੇ ਦਾ ਪ੍ਰਯੋਜਨ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਨਾ ਸੀ, ਕਿਉਂਕਿ ਰੋਲੈਟ ਐਕਟ ਦੇ ਵਿਰੁੱਧ ਦੇਸ਼ ਭਰ ਵਿੱਚ ਅੰਦੋਲਨ ਨੂੰ ਦਬਾਉਣ ਲਈ ਅੰਗਰੇਜ਼ ਸਰਕਾਰ ਨੇ ਕਈ ਸਖਤ ਕਦਮ ਚੁੱਕੇ ਅਤੇ ਉਘੇ ਨੇਤਾਵਾਂ ਨੂੰ ਨਜ਼ਰਬੰਦ ਕਰ ਲਿਆ ਸੀ। ਪੰਜਾਬ ਵਿੱਚ ਡਾ. ਸਤਪਾਲ ਅਤੇ ਡਾ. ਕਿਚਲੂ ਨੂੰ ਗ੍ਰਿਫਤਾਰ ਕਰ ਲਿਆ ਸੀ, ਜਿਸ ਦੇ ਵਿਰੋਧ ਵਿੱਚ 9 ਅਪ੍ਰੈਲ 1919 ਨੂੰ ਹਿੰਦੂ, ਸਿੱਖ ਤੇ ਮੁਸਲਮਾਨਾਂ ਨੇ ਸਾਂਝਾ ਜਲੂਸ ਕੱਢਿਆ ਅਤੇ ਇਨ੍ਹਾਂ ਦੋਵਾਂ ਨੇਤਾਵਾਂ ਦੀ ਰਿਹਾਈ ਦੀ ਮੰਗ ਕੀਤੀ। ਇਸ ਜਲੂਸ ਉਤੇ ਸਰਕਾਰ ਨੇ ਗੋਲੀ ਚਲਾ ਦਿੱਤੀ, ਜਿਸ ਦੇ ਸਿੱਟੇ ਵਜੋਂ ਲੋਕਾਂ ਵਿੱਚ ਰੋਹ ਭੜਕ ਉਠਿਆ ਅਤੇ ਜਲ੍ਹਿਆਂ ਵਾਲਾ ਬਾਗ ਵਿੱਚ 4.30 ਵਜੇ ਜਲਸਾ ਕੀਤਾ ਗਿਆ। ਦੁਪਹਿਰ ਇਕ ਵਜੇ ਦੇ ਕਰੀਬ ਇਸ ਦੀ ਖਬਰ ਜਨਰਲ ਡਾਇਰ ਨੂੰ ਮਿਲ ਗਈ। ਉਸ ਨੇ ਸੁਣਦੇ ਸਾਰ ਆਪਣੇ ਫੌਜੀ ਦਸਤਿਆਂ ਨਾਲ ਬਾਗ ਵੱਲ ਕੂਚ ਕਰ ਦਿੱਤਾ। ਚਾਰ ਚੁਫੇਰਿਓਂ ਉਚੇ ਘਰਾਂ ਨਾਲ ਘਿਰੇ ਇਸ ਬਾਗ ਵਿੱਚ ਵੜਨ ਲਈ ਇਕ ਤੰਗ ਜਿਹੀ ਗਲੀ ਸੀ, ਜਿਸ ਤੋਂ ਡਾਇਰ ਆਪਣੇ ਫੌਜੀਆਂ ਸਮੇਤ ਅੰਦਰ ਆ ਗਿਆ। ਡਾਇਰ ਨੇ ਅੰਦਰ ਵੜਦਿਆਂ ਹੀ ਬਿਨਾਂ ਕਿਸੇ ਐਲਾਨ ਦੇ ਗੋਲੀ ਚਲਵਾ ਦਿੱਤੀ। ਲੋਕ ਦਹਿਸ਼ਤ ਕਾਰਨ ਬਾਹਰ ਨਿਕਲਣ ਲਈ ਇਧਰ ਉਧਰ ਭੱਜਣ ਲੱਗੇ, ਪਰ ਕੋਈ ਰਸਤਾ ਨਾ ਮਿਲਿਆ। ਸਰਕਾਰੀ ਸੂਤਰਾਂ ਅਨੁਸਾਰ ਇਸ ਮੌਕੇ 381 ਲੋਕ ਮਰੇ ਤੇ 1290 ਜ਼ਖਮੀ ਹੋਏ, ਪਰ ਗੈਰ ਸਰਕਾਰੀ ਸੂਤਰਾਂ ਅਨੁਸਾਰ ਮ੍ਰਿਤਕਾਂ ਦੀ ਗਿਣਤੀ 700 ਤੇ ਜ਼ਖਮੀਆਂ ਦੀ ਗਿਣਤੀ 1400 ਤੋਂ 2000 ਸੀ। ਕਈ ਘਬਰਾਹਟ ਨਾਲ ਖੂਹ ਵਿੱਚ ਛਾਲਾਂ ਮਾਰ ਕੇ ਮਰ ਗਏ। ਸ਼ਹਿਰ ਵਿੱਚ ਕਰਫਿਊ ਲਗਾ ਦਿੱਤਾ ਗਿਆ। ਪ੍ਰੋ. ਹਰਿੰਦਰ ਸਿੰਘ ਮਹਿਬੂਬ ਨੇ ਇਸ ਘਟਨਾ ਨੂੰ 'ਝਨਾ ਦੀ ਰਾਤ' ਵਿੱਚ ਇਉਂ ਲਿਖਿਆ ਹੈ:

ਬੁਰਜ ਸ਼ਹੀਦਾਂ ਦੇਖਦੇ ਵਡ ਬਲੀ ਨਿਰਾਸੇ।
ਜਲ੍ਹਿਆਂ ਵਾਲੇ ਬਾਗ ਦੇ ਉਹ ਸ਼ੇਰ ਪਿਆਸੇ।

ਇਸ ਸਾਕੇ ਨੇ ਭਾਰਤ ਵਾਸੀਆਂ ਦੇ ਮਨਾਂ ਨੂੰ ਝੰਜੋੜ ਕੇ ਰੱਖ ਦਿੱਤਾ ਤੇ ਬ੍ਰਿਟੇਨ ਸਰਕਾਰ ਵਿਰੁੱਧ ਉਨ੍ਹਾਂ ਦੀ ਵਿਦਰੋਹ ਦੀ ਭਾਵਨਾ ਭੜਕ ਉਠੀ। ਉਨ੍ਹਾਂ ਨੇ ਪੁਲਾਂ, ਡਾਕਖਾਨਿਆਂ ਤੇ ਹੋਰ ਸਰਕਾਰੀ ਇਮਾਰਤਾਂ ਨੂੰ ਅੱਗਾਂ ਲਾ ਦਿੱਤੀਆਂ। ਟੈਲੀਫੋਨ ਤੇ ਤਾਰ ਘਰਾਂ ਦੀਆਂ ਤਾਰਾਂ ਕੱਟ ਦਿੱਤੀਆਂ, ਜਿਸ ਕਾਰਨ ਅੰਗਰੇਜ਼ ਸਰਕਾਰ ਨੇ ਪਹਿਲਾਂ ਅੰਮ੍ਰਿਤਸਰ ਵਿੱਚ ਤੇ ਫਿਰ ਇਸ ਦੇ ਨਾਲ ਦੇ ਜ਼ਿਲਿਆਂ ਵਿੱਚ ਮਾਰਸ਼ਲ ਲਾਅ ਲਾ ਦਿੱਤਾ। ਇਸ ਸਾਕੇ ਨੂੰ ਸੁਨਾਮ ਦੇ ਜੰਮਪਲ ਊਧਮ ਸਿੰਘ ਨੇ ਅੱਖੀਂ ਦੇਖਿਆ ਤੇ ਉਸ ਨੇ ਲਾਸ਼ਾਂ ਦੇ ਢੇਰ ਵਿੱਚ ਖੜੇ ਹੋ ਕੇ ਪ੍ਰਣ ਕੀਤਾ ਕਿ ਉਹ ਇਸ ਦਾ ਬਦਲਾ ਲਵੇਗਾ। ਉਹ ਕ੍ਰਾਂਤੀਕਾਰੀਆਂ ਵਿੱਚ ਜਾ ਰਲਿਆ। ਵੀਹ ਸਾਲ ਉਹ ਬਦਲਾ ਲੈਣ ਲਈ ਮੌਕਾ ਭਾਲਦਾ ਰਿਹਾ ਅਤੇ ਅਖੀਰ 13 ਮਾਰਚ 1940 ਨੂੰ ਇੰਡੀਆ ਹਾਊਸ ਵਿੱਚ ਲੈਕਚਰ ਦੇ ਰਹੇ ਸਰ ਮਾਈਕਲ ਓਡਵਾਇਰ ਨੂੰ ਗੋਲੀ ਮਾਰ ਕੇ ਆਪਣਾ ਪ੍ਰਣ ਪੂਰਾ ਕੀਤਾ। 31 ਜੁਲਾਈ 1940 ਨੂੰ ਊਧਮ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ। 15 ਅਗਸਤ 1947 ਨੂੰ ਦੇਸ਼ ਦੇ ਆਜ਼ਾਦ ਹੋਣ ਪਿੱਛੋ ਭਾਰਤ ਸਰਕਾਰ ਨੇ ਜਲ੍ਹਿਆਂ ਵਾਲੇ ਬਾਗ ਨੂੰ ਖਰੀਦ ਕੇ ਰਾਸ਼ਟਰੀ ਯਾਦਗਾਰੀ ਸਮਾਰਕ ਉਸਾਰਨ ਦੀ ਯੋਜਨਾ ਬਣਾਈ। ਇਸ ਕੰਮ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ ਅਤੇ 5,65,000 ਰੁਪਏ ਵਿੱਚ ਇਹ ਜਗ੍ਹਾ ਖਰੀਦ ਲਈ।

ਇਸ ਮੈਦਾਨ ਵਿੱਚ ਇਕ ਚੌਰਸ ਥੜ੍ਹਾ ਬਣਾ ਕੇ ਇਸ ਉਤੇ ਯਾਦਗਾਰੀ ਸਤੂਪ ਬਣਾਇਆ ਗਿਆ ਜਿਸ ਦੇ ਆਸ ਪਾਸ ਪੱਥਰ ਦੇ ਚਾਰ ਚਾਨਣ ਮੁਨਾਰੇ ਹਨ। ਇਹ ਸਤੂਪ ਜੈਪੁਰ ਤੋਂ ਲਿਆਂਦੇ ਲਾਲ ਪੱਥਰ ਦੇ 300 ਟੁਕੜਿਆਂ ਦਾ ਬਣਿਆ ਹੋਇਆ ਹੈ। ਉਸ ਸਮੇਂ ਦੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਨੇ 1961 ਵਿੱਚ ਇਸ ਦਾ ਉਦਘਾਟਨ ਕੀਤਾ। ਇਥੇ ਇਕ ਆਰਟ ਗੈਲਰੀ ਵੀ ਬਣਾਈ ਗਈ ਹੈ। ਮਹਾਤਮਾ ਗਾਂਧੀ ਨੇ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਤੋਂ ਬਾਅਦ ਕਿਹਾ ਸੀ ਕਿ ਡਾਇਰ ਨੂੰ ਉਹ ਸਜ਼ਾ ਨਹੀਂ ਦੇਣਾ ਚਾਹੁੰਦੇ। ਉਨ੍ਹਾਂ ਕਿਹਾ ਕਿ ਉਹ ਤਾਂ ਸਿਰਫ ਸਿਸਟਮ ਨੂੰ ਬਦਲਣਾ ਚਾਹੁੰਦੇ ਹਨ, ਜਿਸ ਨੇ ਡਾਇਰ ਨੂੰ ਜਨਮ ਦਿੱਤਾ। ਅੱਠ ਜੁਲਾਈ 1920 ਨੂੰ ਕਰਨਲ ਜ਼ੋਸੀਅਰ ਸੀ ਵੈਜਫੁਡ ਨੇ ਲੰਡਨ ਵਿੱਚ ਜੱਲ੍ਹਿਆਂ ਵਾਲਾ ਬਾਗ ਬਾਰੇ ਹੋਈ ਬਹਿਸ ਵਿੱਚ ਕਿਹਾ ਸੀ, 'ਬ੍ਰਿਟੇਨ ਦੇ ਇਤਿਹਾਸ ਵਿੱਚ ਪਹਿਲਾਂ ਕਿਧਰੇ ਅਜਿਹੀ ਘਟਨਾ ਨਹੀਂ ਵਾਪਰੀ। ਹਿੰਦੁਸਤਾਨ ਨਾਲ ਸਾਡੇ ਸਰਬਾਂਗੀ ਰਿਸ਼ਤਿਆਂ ਵਿੱਚ ਅਜਿਹੀ ਚੀਜ਼ ਅੱਜ ਤੋਂ ਪਹਿਲਾਂ ਨਹੀਂ ਲੱਭਦੀ। ਉਥੇ ਯਾਦਗਾਰੀ ਸਮਾਧੀ ਉਸਾਰੀ ਜਾਏਗੀ। ਉਸ ਦੇ ਦਰਸ਼ਨਾਂ ਨੂੰ ਹਰ ਸਾਲ ਹਜ਼ਾਰਾਂ ਹਿੰਦੁਸਤਾਨੀ ਆਇਆ ਕਰਨਗੇ। ਜਦੋਂ ਅਸੀਂ ਮਨੁੱਖ ਵਾਦੀ ਦ੍ਰਿਸ਼ਟੀਕੋਣ ਦੀ ਗੱਲ ਕਰਾਂਗੇ ਤਾਂ ਇਹ ਖੂਨੀ ਦਾਸਤਾਨ ਸਾਡੇ ਮੂੰਹ 'ਤੇ ਮਾਰੀ ਜਾਏਗੀ।'

ਫਰਵਰੀ 2013 ਨੂੰ ਬ੍ਰਿਟੇਨ ਦਾ ਪ੍ਰਧਾਨ ਮੰਤਰੀ ਡੇਵਿਟ ਕੈਮਰੋਨ ਜਲ੍ਹਿਆਂ ਵਾਲਾ ਬਾਗ ਆਇਆ ਤੇ ਉਸ ਨੇ ਇਸ ਨੂੰ ਬ੍ਰਿਟੇਨ ਦੇ ਇਤਿਹਾਸ ਦਾ ਸ਼ਰਮਨਾਕ ਕਾਰਾ ਦੱਸਿਆ ਸੀ। ਅਜੋਕੇ ਸਮੇਂ ਵਿੱਚ ਅੰਗਰੇਜ਼ ਸਰਕਾਰ ਵੱਲੋਂ ਇਸ ਸਬੰਧੀ ਮੁਆਫੀ ਮੰਗਣ 'ਤੇ ਜ਼ੋਰ ਦਿੱਤਾ ਗਿਆ ਹੈ, ਜਿਸ ਬਾਰੇ ਛੇ ਦਸੰਬਰ 2017 ਨੂੰ ਲੰਡਨ ਦੇ ਮੇਅਰ ਸਦੀਕ ਖਾਨ ਨੇ ਕਿਹਾ ਕਿ ਅੰਗਰੇਜ਼ ਸਰਕਾਰ ਇਸ ਸਬੰਧੀ ਮੁਆਫੀ ਮੰਗਦੀ ਹੈ, ਜੋ ਜ਼ਰੂਰੀ ਹੈ। ਡਾ. ਗੰਡਾ ਸਿੰਘ ਦੇ ਅਨੁਸਾਰ ਜਲ੍ਹਿਆਂ ਵਾਲਾ ਬਾਗ ਦੇ ਸਾਕੇ ਨੇ ਭਾਰਤੀਆਂ ਨੂੰ ਹਲੂਣ ਦਿੱਤਾ। ਉਹ ਆਜ਼ਾਦੀ ਪ੍ਰਾਪਤ ਕਰਨ ਲਈ ਇਕ ਹੋ ਗਏ। ਜ਼ਲ੍ਹਿਆਂ ਵਾਲਾ ਬਾਗ ਦੇ ਸਾਕੇ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਊਧਮ ਸਿੰਘ ਜਿਹੇ ਯੋਧਿਆਂ ਨੂੰ ਆਜ਼ਾਦੀ ਦੀ ਚਿਣਗ ਲਗਾਈ। ਅੱਜ ਇਹ ਬਾਗ ਭਾਰਤ ਦੀ ਆਜ਼ਾਦੀ ਲਈ ਕੀਤੀ ਲੜਾਈ ਅਤੇ ਕੁਰਬਾਨੀ ਦਾ ਪ੍ਰਤੀਕ ਬਣ ਗਿਆ ਹੈ।

# ਬਾਈ ਪੰਜ ਸੌ ਦੇਣਾ..

-ਦਰਸ਼ਨ ਸਿੰਘ ਭੰਮੇ-

ਦੋਸਤ ਦੀ ਧੀ ਦੇ ਵਿਆਹ 'ਚ ਸ਼ਾਮਲ ਹੋਣ ਲਈ ਚੌਕ ਵਿੱਚ ਬੱਸ ਉਡੀਕ ਰਿਹਾ ਸੀ। ਉਥੇ ਖੜੇ ਨੂੰ ਅਜੇ 10-15 ਮਿੰਟ ਹੋਏ ਸਨ ਕਿ ਕੋਈ ਕਾਰ ਕੋਲ ਆ ਕੇ ਰੁਕੀ, ਜਿਸ ਵਿੱਚ ਜਾਣ ਪਛਾਣ ਵਾਲਾ ਬਾਈ ਤੇ ਉਸ ਦਾ ਪਰਵਾਰ ਬੈਠਾ ਦਿੱਸ ਪਿਆ। ਉਨ੍ਹਾਂ ਆਵਾਜ਼ ਮਾਰ ਕੇ ਮੇਰੇ ਉਥੇ ਖੜੇ ਹੋਣ ਬਾਰੇ ਪੁੱਛਿਆ। ਵਿਆਹ ਵਿੱਚ ਜਾਣ ਬਾਰੇ ਦੱਸਿਆ ਤਾਂ ਉਨ੍ਹਾਂ ਕਾਰ ਵਿੱਚ ਨਾਲ ਬਿਠਾ ਲਿਆ। ਉਹ ਵੀ ਉਸੇ ਵਿਆਹ ਜਾ ਰਹੇ ਸਨ। ਮੇਰੇ ਬੈਠਦੇ ਸਾਰ ਬਾਈ ਨਾਜ਼ਰ ਸਿੰਘ ਨੇ ਆਪਣੇ ਟੱਬਰ ਨਾਲ ਜਾਣ ਪਛਾਣ ਕਰਾਉਣੀ ਸ਼ੁਰੂ ਕਰ ਦਿੱਤੀ, 'ਇਹ ਮੇਰੇ ਮੈਡਮ। ਨਾਲ ਪੁੱਤਰ ਤੇ ਧੀ। ਨਾਲ ਵਾਲਾ ਆਪਣਾ ਭਾਣਜਾ, ਇਹ ਮਿਲਣ ਆਇਆ ਹੋਇਆ ਸੀ। ਮੈਂ ਕਿਹਾ, ਚੱਲ ਤੂੰ ਵੀ ਨਾਲ ਈ। ਨਾਲੇ ਖਾ ਪੀ ਆਵੇਗਾ, ਨਾਲੇ ਤੁਰ ਫਿਰ ਲਵੇਗਾ, ਨਾਲੇ ਬਾਈ ਜਦੋਂ ਪੰਜ ਸੌ ਦੇਣਾ ਈ ਐ, ਫਿਰ ਜੁਆਕ ਤਾਂ ਕੁੱਖਾਂ ਕੱਢ ਲੈਣ ਕੇਰਾਂ!..ਤੇ ਤੁਸੀਂ ਕਿਵੇਂ 'ਕੱਲੇ ਹੀ ਚੱਲੇ ਹੋ?'

ਮੈਂ ਕਿਹਾ, 'ਬਾਈ, ਅਸੀਂ ਤਾਂ ਹਰ ਪਾਰਟੀ 'ਤੇ ਇਕ ਜਾਂ ਦੋ ਹੀ ਜਾਨੇ ਆਂ।'

ਗੱਲਾਂ ਕਰਦਿਆਂ ਪੈਲੇਸ ਆ ਗਿਆ। ਸਾਡੇ ਪੁੱਜਣ ਤੋਂ ਪਹਿਲਾਂ ਬਰਾਤ ਆ ਗਈ ਸੀ। ਸਾਰੇ ਇਕ ਦੂਜੇ ਨੂੰ ਮਿਲ ਕੇ ਵਧਾਈਆਂ ਦੇ ਰਹੇ ਸਨ। ਅਸੀਂ ਵੀ ਵਿਆਹ ਵਾਲਿਆਂ ਨੂੰ ਵਧਾਈ ਦਿੱਤੀ। ਉਹ ਸਭ ਨੂੰ ਹੱਥ ਜੋੜ ਕੇ ਚਾਹ ਪਾਣੀ ਲਈ ਆਖ ਰਹੇ ਸਨ। ਬਾਈ ਤੇ ਉਹਦਾ ਸਾਰਾ ਪਰਵਾਰ ਮੇਰੇ ਨਾਲ ਹੀ ਰਹੇ। ਬਾਈ ਆਪਣੇ ਬੱਚਿਆਂ ਨੂੰ ਕਹਿੰਦਾ ਕਿ ਹੁਣ ਸੰਗਣ ਸੰਗਾਣ ਦੀ ਕੋਈ ਲੋੜ ਨਹੀਂ, ਜੋ ਜੀਅ ਆਉਂਦਾ, ਖਾਓ ਸਾਰੇ ਪਲੇਟਾਂ ਭਰ-ਭਰ ਕੇ। ...ਤੇ ਬਾਈ ਪਲੇਟ ਭਰ ਕੇ ਮੇਰੇ ਨਾਲ ਖੜੋ ਕੇ ਖਾਣ ਲੱਗ ਪਿਆ। ਮੈਨੂੰ ਲੱਗਾ, ਇਹ ਹੁਣ ਵੀ ਆਖੂ, ਪੰਜ ਸੌ ਦੇਣਾ!

ਚੱਲੋ ਜੀ, ਉਨ੍ਹਾਂ ਜੋ ਖਾਣਾ ਸੀ, ਖਾਧਾ, ਬਾਕੀ ਡਸਟ ਬਿਨ ਦਾ ਸ਼ਿੰਗਾਰ ਬਣਾ ਦਿੱਤਾ। ਇਸ ਤੋਂ ਬਾਅਦ ਅਸੀਂ ਪੈਲੇਸ ਦੇ ਅੰਦਰ ਚਲੇ ਗਏ ਅਤੇ ਇਕੋ ਕਤਾਰ 'ਚ ਲੱਗੀਆਂ ਕੁਰਸੀਆਂ ਉਤੇ ਬੈਠ ਗਏ। ਜਿਹੜਾ ਵੀ ਵੇਟਰ ਕੋਈ ਸਾਮਾਨ ਲੈ ਕੇ ਆਉਂਦਾ, ਬਾਈ ਜੀ ਉਸ ਦਾ ਪੂਰਾ ਅਨੰਦ ਲੈਂਦੇ। ਚੰਦ ਮਿੰਟਾਂ ਬਾਅਦ ਵਿਸਕੀ ਤੇ ਮੁਰਗਾ ਵੀ ਚਾਲੂ ਹੋ ਗਏ। ਬਾਈ ਜੀ ਨੇ ਉਸ ਦਾ ਵੀ ਪੂਰੀ ਆਨੰਦ ਲਿਆ। ਕੋਈ ਖਾਲੀ ਨਹੀਂ ਮੋੜਿਆ। ਸਭ ਤੋਂ ਕੁਝ ਨਾ ਕੁਝ ਜ਼ਰੂਰ ਲਿਆ। ਮੇਰੀ ਜਦੋਂ ਵੀ ਉਨ੍ਹਾਂ ਨਾਲ ਅੱਖ ਰਲਦੀ ਤਾਂ ਮੈਨੂੰ ਲੱਗਦਾ, ਬਾਈ ਆਖੂ, ਪੰਜ ਸੌਂ ਦੇਣਾ! ਆਖਰ ਅਸੀਂ ਸਾਰਿਆਂ ਨੇ ਕੁੜੀ ਨੂੰ ਸ਼ਗਨ ਦਿੱਤਾ ਅਤੇ ਭੋਜਨ ਦੁਆਲੇ ਹੋ ਗਏ। ਬਾਈ ਜੀ ਅਤੇ ਉਨ੍ਹਾਂ ਦਾ ਟੱਬਰ ਵੀ ਆ ਗਿਆ, ਪਰ ਬਾਈ ਦੇ ਪੈਰ ਭਾਰ ਨਹੀਂ ਸੀ ਝੱਲਦੇ। ਉਸ ਦੀ ਮੈਡਮ ਨੇ ਬਾਈ ਨੂੰ ਪਾਸੇ ਪਏ ਮੇਜ਼ ਕੋਲ ਬਿਠਾ ਦਿੱਤਾ ਤੇ ਆਪ ਪਲੇਟ ਤਿਆਰ ਕਰਕੇ ਕੋਲ ਹੀ ਬੈਠ ਗਈ। ਦੋਵਾਂ ਨੇ ਇਕੱਠਿਆਂ ਭੋਜਨ ਖਾਧਾ, ਪਰ ਬਾਈ ਤੋਂ ਬੈਠਿਆਂ ਵੀ ਨਹੀਂ ਸੀ ਜਾਂਦਾ। ਉਸ ਨੇ ਸਬਜ਼ੀ ਵੀ ਕੱਪੜਿਆਂ 'ਤੇ ਲਾ ਲਈ ਸੀ। ਜਦੋਂ ਬਾਈ ਦੀ ਮੇਰੇ ਨਾਲ ਅੱਖ ਲੜੀ ਤਾਂ ਕਹਿਣ ਲੱਗਾ, 'ਬਾਈ, 'ਕੱਠੇ ਆਏ ਹਾਂ, 'ਕੱਠੇ ਈ ਚੱਲਾਂਗੇ। ਬੱਸ ਆਹ ਇਕ ਕੱਪ ਕੁਲਫੀ ਖਾ ਲਈਏ, ਤੇ ਤੂੰ ਵੀ ਖਾ ਲੈ।'

ਮੈਂ ਕਿਹਾ, 'ਬਾਈ ਮੈਂ ਖਾ ਲਈ ਐ, ਮੈਂ ਕਾਰ ਕੋਲ ਚੱਲਦਾਂ, ਤੁਸੀਂ ਆ ਜਾਣਾ।' ਇੰਨਾ ਕਹਿ ਕੇ ਮੈਂ ਵਿਆਹ ਵਾਲਿਆਂ ਕੋਲ ਗਿਆ ਤੇ ਜਾਣ ਦੀ ਆਗਿਆ ਮੰਗੀ। ਅਗਲਿਆਂ ਨੇ ਫਿਰ ਹੱਥ ਜੋੜ ਕੇ ਕਿਹਾ ਕਿ ਜੇ ਖਾਣ ਪੀਣ 'ਚ ਕੋਈ ਕਮੀ ਰਹਿ ਗਈ ਹੋਵੇ ਤਾਂ ਮੁਆਫ ਕਰਨਾ, ਤੁਹਾਡਾ ਇਥੇ ਆਉਣ ਲਈ ਬਹੁਤ-ਬਹੁਤ ਧੰਨਵਾਦ। ਮੈਂ ਅਜੇ ਕਾਰ ਕੋਲ ਖੜਾ ਹੀ ਸੀ ਕਿ ਬਾਈ ਦੀਆਂ ਬਾਹਾਂ ਫੜੀ ਉਸ ਦੇ ਬੱਚੇ ਉਸ ਨੂੰ ਲੈ ਕੇ ਆ ਰਹੇ ਸਨ। ਬੱਚਿਆਂ ਨੇ ਉਸ ਨੂੰ ਪਿਛਲੀ ਸੀਟ 'ਤੇ ਬਿਠਾ ਦਿੱਤਾ ਤੇ ਕਾਰ ਉਸ ਦੇ ਪੁੱਤਰ ਨੇ ਚਲਾਈ। ਉਹ ਮੈਨੂੰ ਉਸੇ ਚੌਕ ਕੋਲ ਉਤਾਰ ਕੇ ਆਪਣੇ ਘਰ ਚਲੇ ਗਏ।

ਦੂਜੇ ਦਿਨ ਜਦੋਂ ਮੈਂ ਆਪਣੀ ਡਿਊਟੀ 'ਤੇ ਜਾ ਰਿਹਾ ਸੀ ਤਾਂ ਰਸਤੇ ਵਿੱਚ ਮੈਨੂੰ ਬਾਈ ਦਾ ਪੁੱਤਰ ਦਵਾਈਆਂ ਦੀ ਦੁਕਾਨ ਤੋਂ ਦਵਾਈ ਲੈ ਕੇ ਜਾਂਦਾ ਮਿਲਿਆ। ਮੈਂ ਪੁੱਛਿਆ, 'ਪੁੱਤਰ ਕੀ ਗੱਲ? ਕੋਈ ਬਿਮਾਰ ਹੈ?' ਉਸ ਨੇ ਦੱਸਿਆ, 'ਅੰਕਲ, ਮੇਰੇ ਡੈਡੀ ਦਾ ਹਾਜ਼ਮਾ ਖਰਾਬ ਹੋ ਗਿਆ ਰਾਤੀਂ, ਤੇ ਹੁਣ ਹਸਪਤਾਲ ਦਾਖਲ ਨੇ।'

ਮੈਂ ਉਸ ਦੇ ਮਗਰ ਬਾਈ ਦਾ ਪਤਾ ਲੈਣ ਚਲਾ ਗਿਆ। ਜਦੋਂ ਉਸ ਨੂੰ ਦੇਖਿਆ ਤਾਂ ਉਸ ਦੇ ਬੋਤਲ ਲੱਗੀ ਹੋਈ ਸੀ। ਮੈਨੂੰ ਫਿਰ ਉਹੀ ਸੀਨ ਯਾਦ ਆ ਗਿਆ ਕਿ ਬਾਈ ਹੁਣ ਵੀ ਆਖੂ, ਬਾਈ ਪੰਜ ਸੌ ਦੇਣਾ!





DEOL & NAGPAL LAW FIRM LLP
Barristers & Solicitors



Birdavinder Singh Deol
B.A.,LL.B., LL.M.

Services
Criminal Defence / Family Law / Real Estate Closing / Civil Litigation

TEL: 905-796-0911

80 Maritime Ontario Blvd, Suite 55, Brampton, Ontario, L6S 0E7



Amanpreet Singh Nagpal
B.A.,LL.B.

# ਜ਼ਰਾ ਯਾਦ ਕਰੋ ਕੁਰਬਾਨੀ..

-ਲਕਸ਼ਮੀਕਾਂਤਾ ਚਾਵਲਾ

ਤੇਰਾਂ ਅਪ੍ਰੈਲ 1919 ਦੀ ਵਿਸਾਖੀ। ਉਸ ਦਿਨ ਫਸਲ ਕਟਣ ਲਈ ਤਿਆਰ ਸੀ ਅਤੇ ਦੇਸ਼ ਦੇ ਧੀਆਂ ਪੁੱਤ ਜਾਨ ਹਥੇਲੀ ਉਤੇ ਰੱਖ ਕੇ ਸਿਰ ਉਤੇ ਕਫਨ ਬੰਨ੍ਹ ਕੇ ਭਾਰਤ ਮਾਤਾ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਆਜ਼ਾਦ ਕਰਵਾਉਣ ਖਾਤਰ ਸਿਰ ਦੇਣ ਨੂੰ ਤਿਆਰ ਸਨ। ਉਂਜ 1917 ਦੇ ਰੌਲਟ ਐਕਟ ਮਗਰੋਂ ਕ੍ਰਾਂਤੀ ਦੀ ਅੱਗ ਅੰਦਰੋਂ-ਅੰਦਰ ਸੁਲਗ ਰਹੀ ਸੀ ਅਤੇ ਵਿਸਫੋਟ ਲਈ ਤਿਆਰ ਸੀ। ਅੰਮ੍ਰਿਤਸਰ ਵਿੱਚ ਅੱਠ ਅਪ੍ਰੈਲ ਤੋਂ ਲੈ ਕੇ 13 ਅਪ੍ਰੈਲ ਤੱਕ ਵਾਪਰੀਆਂ ਘਟਨਾਵਾਂ ਕਾਰਨ ਪੂਰਾ ਮੁਲਕ ਕੁਝ ਪਲਾਂ ਲਈ ਕੰਬ ਉਠਿਆ ਅਤੇ ਉਸ ਮਗਰੋਂ ਦ੍ਰਿੜ੍ਹ ਇਰਾਦੇ ਨਾਲ ਕੁਰਬਾਨੀ ਦੇ ਮਾਰਗ ਉਤੇ ਅੱਗੇ ਵਧਣ ਲਈ ਜਾਗ ਪਿਆ। ਦੇਸ਼ ਦੀ ਆਜ਼ਾਦੀ ਇਸੇ ਦਾ ਨਤੀਜਾ ਸੀ।



1919 ਦੀ ਵਿਸਾਖੀ ਮੌਕੇ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਵਿੱਚ ਸ਼ਾਮ ਵੇਲੇ ਹਜ਼ਾਰਾਂ ਲੋਕ ਜਮ੍ਹਾਂ ਸਨ। ਉਸ ਦਿਨ ਅੰਮ੍ਰਿਤਸਰ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਜ਼ਿੰਮੇਵਾਰ ਜਨਰਲ ਡਾਇਰ ਸਵੇਰੇ ਸ਼ਹਿਰ ਦੀਆਂ ਗਲੀਆਂ ਵਿੱਚ ਭਾਰੀ ਫੋਰਸ ਨਾਲ ਘੁੰਮਦਿਆਂ ਡੌਂਡੀ ਪਿਟਵਾਉਂਦਾ ਰਿਹਾ ਕਿ ਲੋਕ ਘਰਾਂ ਤੋਂ ਬਾਹਰ ਨਾ ਨਿਕਲਣ। ਉਸ ਦਾ ਉਦੇਸ਼ ਸੀ ਕਿ ਅੰਗਰੇਜ਼ ਸਰਕਾਰ ਦੇ ਖਿਲਾਫ ਕੋਈ ਵੀ ਹਿੰਦੁਸਤਾਨੀ ਆਵਾਜ਼ ਨਾ ਉਠਾਏ। ਉਸੇ ਦਿਨ ਇਕ ਅੱਲ੍ਹੜ ਮੁੰਡਾ, ਜਿਸ ਬਾਰੇ ਕੋਈ ਨਹੀਂ ਜਾਣਦਾ ਕਿ ਕੌਣ ਸੀ, ਟੀਨ ਦੇ ਬਣੇ ਕਨਸਤਰ ਨੂੰ ਡੰਡੇ ਨਾਲ ਵਜਾਉਂਦਾ ਚੌਕ ਚੁਰਾਹਿਆਂ ਵਿੱਚ ਇਹ ਕਹਿੰਦਾ ਰਿਹਾ ਕਿ ਸਾਰੇ ਲੋਕ ਮੀਟਿੰਗ ਵਿੱਚ ਪਹੁੰਚੋ, ਜਲ੍ਹਿਆਂਵਾਲਾ ਬਾਗ ਪਹੁੰਚੋ। ਲਾਹੌਰ ਤੋਂ ਪ੍ਰਕਾਸ਼ਿਤ 'ਡੰਡਾ ਅਖਬਾਰ' ਵੀ ਅੰਗਰੇਜ਼ਾਂ ਲਈ ਸਿਰਦਰਦੀ ਬਣਿਆ ਹੋਇਆ ਸੀ। ਇਹ ਅਖਬਾਰ ਅੰਗਰੇਜ਼ਾਂ ਨਾਲ ਸ਼ਰੇਆਮ ਟੱਕਰ ਲੈਣ ਅਤੇ ਦੇਸ਼ ਹਿੱਤ ਪ੍ਰਾਣ ਨਿਛਾਵਰ ਕਰਨ ਦਾ ਐਲਾਨ ਕਰਦਾ ਸੀ। ਬ੍ਰਿਟਿਸ਼ ਸਾਮਰਾਜ ਦੇ ਸਾਰੇ ਹਥਕੰਡਿਆਂ ਦੇ ਬਾਵਜੂਦ ਹਜ਼ਾਰਾਂ ਲੋਕ ਜਲ੍ਹਿਆਂਵਾਲਾ ਬਾਗ ਪੁੱਜੇ ਤੇ ਸਾਰੇ ਭਾਰਤ ਮਾਤਾ ਦੀ ਜੈ ਦੇ ਨਾਹਰੇ ਲਾ ਰਹੇ ਸਨ। ਸਥਾਨਕ ਆਗੂ ਮੰਚ ਤੋਂ ਭਾਸ਼ਣ ਦੇ ਰਹੇ ਸਨ। ਕਿਸੇ ਨੂੰ ਰੱਤੀ ਭਰ ਸ਼ੱਕ ਨਹੀਂ ਸੀ ਕਿ ਬ੍ਰਿਟਿਸ਼ ਸਾਮਰਾਜ ਕਹਿਰ ਢਾਹੇਗਾ, ਪਰ ਡਾਇਰ ਦੀ ਅਗਵਾਈ ਵਿੱਚ ਬਹੁਤ ਸਾਰੇ ਪੁਲਸ ਕਰਮਚਾਰੀ ਜਲ੍ਹਿਆਂਵਾਲਾ ਬਾਗ ਪੁੱਜੇ ਅਤੇ ਬਿਨਾਂ ਕੋਈ ਚਿਤਾਵਨੀ ਦਿੱਤਿਆਂ ਗੋਲੀਆਂ ਵਰ੍ਹਾ ਦਿੱਤੀਆਂ। ਜਿਸ ਸਮੇਂ ਗੋਲੀਆਂ ਚੱਲੀਆਂ, ਉਸ ਸਮੇਂ ਇਸ ਜਨ ਅੰਦੋਲਨ ਦੇ ਨੇਤਾ ਦੁਰਗਾ ਦਾਸ ਭਾਸ਼ਣ ਦੇ ਰਹੇ ਸਨ ਅਤੇ ਉਸ ਤੋਂ ਪਹਿਲਾਂ ਰਾਏ ਰਾਮ ਸਿੰਘ, ਦਾਰ ਸਿੰਘ, ਅਬਦੁਲ ਮਜੀਦ, ਬ੍ਰਿਜਗੋਪਾਲ ਨਾਥ, ਹੰਸਰਾਜ ਤੇ ਗੁਰਬਖਸ਼ ਰਾਏ ਭਾਸ਼ਣ ਦੇ ਚੁੱਕੇ ਸਨ। ਗੋਪੀਨਾਥ ਨੇ ਦੇਸ਼ ਭਗਤੀ ਭਰਪੂਰ ਕਵਿਤਾ ਸੁਣਾਈ ਅਤੇ ਲੋਕਾਂ ਨੂੰ ਉਤਸ਼ਾਹਿਤ ਕੀਤਾ।

ਡਾਇਰ ਵੱਲੋਂ ਕਰਵਾਈ ਗੋਲੀਬਾਰੀ ਦੀ ਚਰਚਾ ਭਾਸ਼ਣਾਂ ਵਿੱਚ ਹੋ ਜਾਂਦੀ ਹੈ, ਪਰ ਇਸ ਸਾਕੇ ਦੌਰਾਨ ਸ਼ਹੀਦ ਹੋਏ ਅੰਮ੍ਰਿਤਸਰ ਦੇ ਪੁੱਤਰਾਂ ਦੀ ਗਾਥਾ ਕੋਈ ਨਹੀਂ ਦੱਸਦਾ। ਇਸ ਦਾ ਕੀ ਕਾਰਨ ਹੈ? ਡਾ. ਸਤਿਆਪਾਲ ਅਤੇ ਸੈਫੁਦੀਨ ਕਿਚਲੂ ਵਾਂਗੂੰ ਹਜ਼ਾਰਾਂ ਲੋਕਾਂ ਨੇ ਬ੍ਰਿਟਿਸ਼ ਹਕੂਮਤ ਨਾਲ ਟੱਕਰ ਲਈ। ਸਤਿਆਪਾਲ ਅਤੇ ਕਿਚਲੂ ਦੋਵਾਂ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਆਪਣੇ ਬੰਗਲੇ 'ਤੇ ਸੱਦ ਕੇ ਗ੍ਰਿਫਤਾਰ ਕਰਕੇ ਧਰਮਸ਼ਾਲਾ ਭੇਜ ਦਿੱਤਾ, ਪਰ ਇਨ੍ਹਾਂ ਦੇ ਦੇਸ਼ਭਗਤ ਸਾਥੀ ਡਟੇ ਰਹੇ ਤੇ ਅੰਗਰੇਜ਼ਾਂ ਨਾਲ ਟੱਕਰ ਲੈ ਕੇ ਗੋਲੀਆਂ ਖਾਧੀਆਂ। ਹਿੰਦੁਸਤਾਨ ਦੀਆਂ ਧੀਆਂ ਨੇ ਵੀ ਅੰਗਰੇਜ਼ਾਂ ਨਾਲ ਲੋਹਾ ਲਿਆ। ਅੰਮ੍ਰਿਤਸਰ ਦੇ ਤਿੰਨ ਵੱਡੇ ਅੰਗਰੇਜ਼ੀ ਬੈਂਕਾਂ ਨੂੰ ਉਨ੍ਹਾਂ ਦੇ ਪ੍ਰਬੰਧਕਾਂ ਸਮੇਤ ਅੱਗ ਲਾ ਦਿੱਤੀ ਗਈ। ਅੰਮ੍ਰਿਤਸਰ ਵਾਸੀ ਅਤੇ ਇਤਿਹਾਸਕਾਰ ਵੀ ਭੁੱਲ ਗਏ ਕਿ ਅੱਠ ਤੋਂ 10 ਅਪ੍ਰੈਲ ਵਿਚਾਲੇ 11 ਲੋਕ ਸ਼ਹੀਦ ਹੋਏ ਅਤੇ ਸ਼ਹੀਦਾਂ ਦੇ ਅੰਤਿਮ ਸੰਸਕਾਰ ਦੇ ਰਸਤੇ ਵਿੱਚ ਵੀ ਅੰਗਰੇਜ਼ਾਂ ਨੇ ਵੱਡੀਆਂ ਰੁਕਾਵਟਾਂ ਖੜੀਆਂ ਕੀਤੀਆਂ ਸਨ।

ਅੱਜ ਸਵਾਲ ਇਹ ਹੈ ਕਿ ਕੀ ਆਗੂ ਸਿਆਸੀ ਭਾਸ਼ਣਾਂ ਨਾਲ ਜਲ੍ਹਿਆਂਵਾਲਾ ਬਾਗ ਵਿੱਚ ਫੁੱਲ ਅਰਪਿਤ ਕਰਕੇ ਜਾਂ ਪੁਲਸ ਤੋਂ ਸਲਾਮੀ ਲੈ ਕੇ ਚਲੇ ਜਾਣਗੇ? ਜਲ੍ਹਿਆਂਵਾਲਾ ਬਾਗ ਦੀ ਧਰਤੀ ਨੂੰ ਜਿਸ ਪਵਿੱਤਰ ਖ਼ੂਨ ਨੇ ਸਿੰਜਿਆ, ਕੀ ਅਸੀਂ ਉਸ ਦਾ ਇਤਿਹਾਸ ਜਾਣਨ ਦੀ ਕੋਸ਼ਿਸ਼ ਕਰਾਂਗੇ? ਕੀ ਅਸੀਂ ਅੰਮ੍ਰਿਤਸਰ ਦੇ ਸ਼ਹੀਦ ਹੋਏ ਧੀਆਂ ਪੁੱਤਰਾਂ ਅਤੇ ਉਨ੍ਹਾਂ ਵੱਲੋਂ ਅੰਗਰੇਜ਼ਾਂ ਵਿਰੁੱਧ ਕੀਤੇ ਸ਼ਕਤੀਸ਼ਾਲੀ ਅੰਦੋਲਨ ਬਾਰੇ ਵੀ ਜਾਣਾਂਗੇ? ਅੱਜ ਕਿੰਨੇ ਕੁ ਪੰਜਾਬੀ ਲੋਕ ਜਾਣਦੇ ਹਨ ਕਿ ਚੌਧਰੀ ਬੱਗਾ ਅਤੇ ਰੱਤੋ ਰਤਨ ਚੰਦ ਦੇ ਨਾਂ ਤੋਂ ਅੰਗਰੇਜ਼ ਕੰਬਦੇ ਸਨ। ਇਨ੍ਹਾਂ ਦੋਵਾਂ ਨੂੰ ਬ੍ਰਿਟਿਸ਼ ਹਕੂਮਤ ਵਿਰੁੱਧ ਬਗਾਵਤ ਕਰਨ ਦੇ ਦੋਸ਼ ਵਿੱਚ ਫਾਂਸੀ ਦੀ ਸਜ਼ਾ ਮਿਥੀ ਗਈ, ਜਿਸ ਨੂੰ ਬਾਅਦ ਵਿੱਚ ਮਦਨ ਮੋਹਨ ਮਾਲਵੀਆ ਦੇ ਯਤਨਾਂ ਨਾਲ ਉਮਰ ਕੈਦ ਵਿੱਚ ਤਬਦੀਲ ਕਰਵਾਇਆ ਗਿਆ ਸੀ। ਇਸ ਪਿੱਛੋਂ ਇਨ੍ਹਾਂ ਦੋਵਾਂ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ, ਜਿਥੇ ਅਣਮਨੁੱਖੀ ਤਸੀਹੇ ਝੱਲੇ ਅਤੇ 17 ਸਾਲ ਬਾਅਦ ਰਿਹਾਅ ਹੋਏ। ਬ੍ਰਿਟਿਸ਼ ਸ਼ਾਸਕਾਂ ਦੇ ਪ੍ਰਤੀਨਿਧੀ ਮਹਿਸੂਸ ਕਰਦੇ ਸਨ ਕਿ ਕਨ੍ਹੱਈਆ ਲਾਲ, ਚੌਧਰੀ ਬੱਗਾ ਤੇ ਰੱਤੋ ਜਦੋਂ ਜਨਤਾ ਨੂੰ ਆਵਾਜ਼ ਦਿੰਦੇ ਹਨ ਤਾਂ ਉਸ ਦਿਨ ਪੂਰਾ ਅੰਮ੍ਰਿਤਸਰ ਉਨ੍ਹਾਂ ਦੇ ਪਿੱਛੇ ਚੱਲਦਾ ਹੈ। ਡਾਇਰ ਵੱਲੋਂ ਕਰਵਾਈ ਗੋਲੀਬਾਰੀ ਤੋਂ ਪਹਿਲਾਂ ਤੇ ਇਸ ਮੌਕੇ ਭਾਸ਼ਣ ਦੇ ਰਹੇ ਦੁਰਗਾ ਦਾਸ ਵੱਲੋਂ ਕੀਤੇ ਗਏ ਮਹਾਨ ਕਾਰਜ ਕਿੱਥੇ ਗੁਆਚ ਗਏ? ਚੰਗੀ ਗੱਲ ਹੈ ਕਿ ਪੂਰੇ ਭਾਰਤ ਤੋਂ ਆਉਂਦੇ ਟੂਰਿਸਟ ਪੂਰੀ ਸ਼ਰਧਾ ਨਾਲ ਜਲ੍ਹਿਆਂਵਾਲਾ ਬਾਗ ਪੁੱਜਦੇ ਹਨ, ਪਰ ਅਫਸੋਸ ਕਿ ਇਹ ਮਹਿਜ਼ ਸੈਰ ਸਪਾਟਾ ਸਥਾਨ ਬਣ ਗਿਆ ਹੈ। ਉਥੇ ਕੁਝ ਸ਼ਹੀਦਾਂ ਦੇ ਨਾਮ ਲਿਖੇ ਹੋਏ ਹਨ, ਪਰ ਨਾਮ ਤੋਂ ਇਲਾਵਾ ਉਨ੍ਹਾਂ ਦੇ ਕਿੱਤਿਆਂ ਤੇ ਪਰਵਾਰ ਬਾਰੇ ਕੋਈ ਨਹੀਂ ਜਾਣਦਾ। ਜੇ ਕੋਈ ਇਸ ਸਭ ਬਾਰੇ ਸਵਾਲ ਪੁੱਛ ਲਵੇ ਤਾਂ ਇਸ ਦਾ ਜਵਾਬ ਨਹੀਂ ਮਿਲਦਾ। ਬਦਕਿਸਮਤੀ ਇਹ ਹੈ ਕਿ ਪੰਜਾਬ ਦੀ ਪਿਛਲੀ ਅਕਾਲੀ ਭਾਜਪਾ ਸਰਕਾਰ ਵੱਲੋਂ ਅੰਮ੍ਰਿਤਸਰ ਵਿੱਚ ਬਣਵਾਈ ਗਈ ਜੰਗ-ਏ-ਆਜ਼ਾਦੀ ਯਾਦਗਾਰ ਵਿੱਚ ਅੰਗਰੇਜ਼ਾਂ ਲਈ ਲੜਨ ਵਾਲੇ ਬ੍ਰਿਟਿਸ਼ ਫੌਜ ਦੇ ਪੰਜਾਬੀ ਸਿਪਾਹੀਆਂ ਨੂੰ ਥਾਂ ਦਿੱਤੀ ਗਈ, ਪਰ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਵਿਸਾਰ ਦਿੱਤਾ ਗਿਆ। ਜਲ੍ਹਿਆਂਵਾਲਾ ਬਾਗ ਸਾਕੇ ਅਤੇ ਉਸ ਦੇ ਸ਼ਹੀਦਾਂ ਦੇ ਨਾਂ ਸੁਨਹਿਰੀ ਅੱਖਰਾਂ ਵਿੱਚ ਦਰਜ ਹੋਣੇ ਚਾਹੀਦੇ ਸਨ।

ਸ਼ਹੀਦਾਂ ਦੀ ਧਰਤੀ ਅੰਮ੍ਰਿਤਸਰ ਉਤੇ ਮੇਲਾ ਤਾਂ ਲੱਗਦਾ ਹੈ। ਇਸ ਦੇ ਇਤਿਹਾਸਕ ਮਹੱਤਵ ਬਾਰੇ ਦੂਰੋਂ ਨੇੜਿਉਂ ਆਉਣ ਵਾਲੇ ਆਮ ਵਿਅਕਤੀ ਬਹੁਤਾ ਨਹੀਂ ਜਾਣਦੇ ਅਤੇ ਉਨ੍ਹਾਂ ਨੂੰ ਇਸ ਬਾਬਤ ਜਾਣਕਾਰੀ ਦੇਣ ਦੀ ਕੋਈ ਕੋਸ਼ਿਸ਼ ਵੀ ਨਹੀਂ ਕਰਦਾ। ਮੰਚਾਂ ਉਤੇ ਬਿਰਾਜਮਾਨ ਸਿਆਸੀ ਆਗੂ ਸ਼ਹੀਦਾਂ ਨੂੰ ਦਿੱਤੀ ਜਾਂਦੀ ਸ਼ਰਧਾਂਜਲੀ ਨੂੰ ਵੀ ਸਿਆਸੀ ਪੁੱਠ ਚਾੜ੍ਹ ਕੇ ਚਲੇ ਜਾਂਦੇ ਹਨ। ਚੰਗਾ ਹੋਵੇਗਾ ਜੇ ਭਾਰਤ ਸਰਕਾਰ, ਪੰਜਾਬ ਸਰਕਾਰ ਤੇ ਹਰ ਜਾਗਰੂਕ ਨਾਗਰਿਕ ਜਲ੍ਹਿਆਂਵਾਲਾ ਬਾਗ ਦੀ ਮਿੱਟੀ ਨਾਲ ਤਿਲਕ ਲਾ ਕੇ ਬਲਿਦਾਨੀਆਂ ਦੀ ਆਵਾਜ਼ ਨੂੰ ਸੁਣੇ।

# ਦ੍ਰਿੜ੍ਹ ਇਰਾਦਿਆਂ ਨਾਲ ਹੀ ਸੁਪਨੇ ਹੁੰਦੇ ਨੇ ਸਾਕਾਰ

-ਬੂਟਾ ਸਿੰਘ ਵਾਕਫ

ਜ਼ਰੂਰੀ ਨਹੀਂ ਕਿ ਸੁਪਨੇ ਸਿਰਫ ਸੌਂਦੇ ਸਮੇਂ ਆਉਣ। ਉਹ ਲੋਕ ਜੋ ਦਿਨ, ਵੇਲੇ ਵੀ ਸੁਪਨਿਆਂ ਦੇ ਰੂਬਰੂ ਹੁੰਦੇ ਹਨ, ਸੁਪਨੇ ਬੁਣਦੇ ਹਨ, ਜ਼ਿੰਦਗੀ ਵਿੱਚ ਜ਼ਰੂਰ ਕਾਮਯਾਬ ਹੁੰਦੇ ਹਨ। ਸੁਪਨੇ ਵੇਖਣੇ ਕਿਸ ਨੂੰ ਚੰਗੇ ਨਹੀਂ ਲੱਗਦੇ? ਅੰਬਰ ਉਡਣ ਦੀ ਲਾਲਸਾ ਕਿਸ ਨੂੰ ਨਹੀਂ? ਅਸਲ ਵਿੱਚ ਹਰ ਮਨੁੱਖ ਦਾ ਸੁਪਨ ਸੰਸਾਰ ਵੱਖਰੇ ਹੀ ਰੰਗਾਂ ਨਾਲ ਲਬਰੇਜ਼ ਹੁੰਦਾ ਹੈ। ਇਸ ਸੁਪਨ ਸੰਸਾਰ ਨੂੰ ਹਕੀਕਤ ਵਿੱਚ ਉਹੀ ਲੋਕ ਬਦਲਣ ਦਾ ਜੇਰਾ ਰੱਖਦੇ ਹਨ, ਜਿਹੜੇ ਪਹਿਲਾ ਕਦਮ ਪੁੱਟਣ ਤੋਂ ਪਹਿਲਾਂ ਹੀ ਸੁਪਨਿਆਂ ਨੂੰ ਸਾਕਾਰ ਕਰਨ ਦੀ ਵਿਉਂਤਬੰਦੀ ਆਪਣੇ ਮਨ ਅੰਦਰ ਉਲੀਕ ਲੈਂਦੇ ਹਨ। ਨੇਕ ਇਰਾਦੇ ਅਤੇ ਦ੍ਰਿੜ੍ਹ ਮਨ ਨਾਲ ਲਗਾਤਾਰ ਅੱਗੇ ਵਧਣ ਵਾਲਾ ਮਨੁੱਖੀ ਨਿਸ਼ਚਿਤ ਹੀ ਆਪਣੀ ਮੰਜ਼ਲ ਪ੍ਰਾਪਤ ਕਰ ਲੈਂਦਾ ਹੈ। ਜੇ ਕੱਛੂਕੰਮਾ ਵੀ ਖਰਗੋਸ਼ ਵਾਂਗ ਰਾਹ ਵਿੱਚ ਰੁਕ ਕੇ ਆਰਾਮ ਕਰਨ ਲੱਗ ਜਾਂਦਾ ਤਾਂ ਉਸ ਨੇ ਕਦੇ ਜਿੱਤ ਹਾਸਲ ਨਹੀਂ ਕਰਨੀ ਸੀ। ਉਸ ਦੇ ਅੰਦਰ ਦ੍ਰਿੜ੍ਹਤਾ ਦਾ ਵਾਸ ਸੀ, ਅੱਗੇ ਵਧਣ ਦਾ ਜਜ਼ਬਾ ਸੀ, ਉਹ ਦ੍ਰਿੜ੍ਹਤਾ ਨਾਲ ਬਿਨਾਂ ਰੁਕੇ, ਬਿਨਾਂ ਸਾਹ ਲਏ ਲਗਾਤਾਰ ਅੱਗੇ ਵਧਦਾ ਗਿਆ ਤੇ ਆਖਰ ਆਪਣੀ ਮੰਜ਼ਿਲ ਦਾ ਹਾਣੀ ਬਣ ਗਿਆ।

ਅਜੋਕੇ ਪਦਾਰਥਵਾਦੀ ਦੌਰ ਵਿੱਚ ਹਰ ਮਨੁੱਖ ਅੰਦਰ ਇਕ ਦੂਸਰੇ ਤੋਂ ਅੱਗੇ ਨਿਕਲਣ ਦੀ ਦੌੜ ਲੱਗੀ ਹੋਈ ਹੈ। ਇਸ ਦੌੜ ਵਿੱਚ ਉਹ ਲੋਕ ਆਮ ਕਰਕੇ ਪੱਛੜ ਜਾਂਦੇ ਹਨ, ਜਿਨ੍ਹਾਂ ਅੰਦਰ ਲਗਾਤਾਰ ਮਿਹਨਤ ਕਰਨ ਦਾ ਜਜ਼ਬਾ, ਹੌਸਲਾ ਤੇ ਉਤਸ਼ਾਹ ਉਬਾਲੇ ਨਹੀਂ ਮਾਰ ਰਿਹਾ ਹੁੰਦਾ। ਉਹ ਲੋਕ ਹਮੇਸ਼ਾ ਸਫਲ ਹੁੰਦੇ ਹਨ, ਜਿਹੜੇ ਇਸ ਦੌੜ ਵਿੱਚ ਦ੍ਰਿੜ੍ਹਤਾ ਤੇ ਸਵੈ ਵਿਸ਼ਵਾਸ ਨਾਲ ਲਗਾਤਾਰ ਅਗਾਂਹ ਨੂੰ ਵਧਦੇ ਰਹਿੰਦੇ ਹਨ। ਜਲਦੀ ਅੱਕਣ, ਥੱਕਣ ਤੇ ਘਬਰਾ ਜਾਣ ਵਾਲੇ ਲੋਕਾਂ ਦੇ ਸੁਪਨੇ ਧੂੜਾਂ ਸੰਗ ਰਲ ਉਡ ਪੁੱਡ ਜਾਂਦੇ ਹਨ। ਦ੍ਰਿੜ੍ਹ ਇਰਾਦੇ ਹੀ ਮਨੁੱਖ ਨੂੰ ਫਰਸ਼ ਤੋਂ ਅਰਸ਼ ਤੱਕ ਲੈ ਜਾਂਦੇ ਹਨ। ਛੋਟੇ-ਛੋਟੇ ਪਰਵਾਸੀ ਪੰਛੀਆਂ ਵੱਲ ਵੇਖੋ। ਹਜ਼ਾਰਾਂ ਮੀਲਾਂ ਦਾ ਸਫਰ ਦ੍ਰਿੜ੍ਹਤਾ ਨਾਲ ਤੈਅ ਕਰਦੇ ਹੋਏ ਤੇ ਅਸਾਵੇਂ ਮੌਸਮਾਂ ਸੰਗ ਅਠਖੇਲੀਆਂ ਕਰਦੇ ਹੋਏ ਆਪਣੀ ਮੰਜ਼ਿਲ ਤੱਕ ਪਹੁੰਚ ਜਾਂਦੇ ਹਨ। ਦ੍ਰਿੜ੍ਹ ਇਰਾਦੇ ਨਾਲ ਅੱਗੇ ਵਧਣ ਵਾਲਿਆਂ ਲਈ ਸਮੱਸਿਆਵਾਂ ਵੀ ਸਹਾਰਾ ਬਣਨ ਲੱਗਦੀਆਂ ਹਨ। ਲਗਾਤਾਰ ਪੜ੍ਹਨ ਵਾਲੇ ਵਿਦਿਆਰਥੀ ਸਾਲਾਨਾ ਪ੍ਰੀਖਿਆਵਾਂ ਵਿੱਚੋਂ ਸਹਿਜੇ ਹੀ ਸਫਲਤਾ ਹਾਸਲ ਕਰ ਜਾਂਦੇ ਹਨ। ਖਿਡਾਰੀ ਦ੍ਰਿੜ੍ਹ ਤੇ ਨੇਕ ਇਰਾਦੇ ਨਾਲ ਹਰ ਰੋਜ਼ ਅਭਿਆਸ ਕਰਕੇ ਮੁਕਾਬਲੇ ਨੂੰ ਸ਼ਾਨਦਾਰ ਢੰਗ ਨਾਲ ਜਿੱਤ ਲੈਂਦੇ ਹਨ। ਦੁਨੀਆ ਦੀਆਂ ਮਹਾਨ ਜੰਗਾਂ ਜਿੱਤਣ ਵਾਲੇ ਯੋਧੇ ਆਪਣੇ ਮਨ ਅੰਦਰ ਦ੍ਰਿੜ੍ਹਤਾ ਨਾਲ ਅੱਗੇ ਵਧਣ ਦੀ ਇਕੋ-ਇਕ ਲਾਲਸਾ ਪਾਲ ਕੇ ਇਸ ਸੰਸਾਰ ਨੂੰ ਆਪਣੇ ਕਲਾਵੇ ਵਿੱਚ ਲੈਂਦੇ ਗਏ। ਪਹਾੜਾਂ ਨੂੰ ਚੀਰਨ ਵਾਲੇ, ਹਵਾਵਾਂ ਸੰਗ ਉਡਣ ਵਾਲੇ, ਸਾਗਰਾਂ, ਸਮੁੰਦਰਾਂ ਨੂੰ ਰਿੜਕਣ ਵਾਲੇ, ਆਕਾਸ਼ ਨੂੰ ਛਾਣਨ ਵਾਲੇ ਤੇ ਇਤਿਹਾਸ ਨੂੰ ਨਵਾਂ ਮੋੜ ਦੇਣ ਵਾਲੇ ਲੋਕਾਂ ਦੇ ਇਰਾਦੇ ਮਹਾਨ ਤੇ ਸੰਕਲਪ ਉਚੇ ਤੇ ਸੁੱਚੇ ਹੁੰਦੇ ਹਨ। ਸੋਚ ਦੀ ਉਡਾਣ ਅੰਬਰੋਂ ਉਚੀ ਹੁੰਦੀ ਹੈ। ਐਡੀਸਨ ਜੇ ਲਗਾਤਾਰ ਅਭਿਆਸ ਨਾ ਕਰਦਾ ਤਾਂ ਬੱਲਬ ਦੀ ਖੋਜ ਦਾ ਸਿਹਰਾ ਉਸ ਦੇ ਸਿਰ ਨਾ ਬੱਝਦਾ। ਲਗਭਗ ਅਜਿਹੀ ਹੀ ਕਹਾਣੀ ਹਰ ਵਿਗਿਆਨੀ ਦੀ ਹੈ, ਜਿਸ ਨੇ ਆਪਣੇ ਦ੍ਰਿੜ੍ਹ ਇਰਾਦਿਆਂ ਸਦਕਾ ਮਹਾਨ ਖੋਜਾਂ ਸੰਸਾਰ ਦੀ ਝੋਲੀ ਪਾਈਆਂ। ਚੁਣੌਤੀਆਂ ਨੂੰ ਕਬੂਲਣ ਵਾਲੇ ਹਮੇਸ਼ਾ ਸਫਲ ਹੁੰਦੇ ਹਨ। ਦ੍ਰਿੜ੍ਹ ਇਰਾਦਾ ਧਾਰ ਕੇ ਲਗਾਤਾਰ ਤੁਰਦੇ ਰਹਿਣ ਵਾਲਾ ਮਨੁੱਖ ਆਪਣੀ ਮੰਜ਼ਿਲ 'ਤੇ ਪਹੁੰਚਣ ਵਿੱਚ ਇਕ ਦਿਨ ਜ਼ਰੂਰ ਸਫਲਤਾ ਹਾਸਲ ਕਰ ਲੈਂਦਾ ਹੈ। ਇਸੇ ਜਜ਼ਬੇ ਨੇ ਦੁਨੀਆ ਜਿੱਤਣ ਲਈ ਸਿਕੰਦਰ ਵਰਗਿਆਂ ਨੂੰ ਵੀ ਤੋਰੀ ਰੱਖਿਆ ਸੀ।

ਮਨੁੱਖ ਆਪਣੀਆਂ ਅਸਫਲਤਾਵਾਂ ਤੋਂ ਅਕਸਰ ਘਬਰਾ ਜਾਂਦਾ ਹੈ ਤੇ ਫਿਰ ਨਿਰਾਸ ਹੋ ਕੇ ਬੈਠ ਜਾਂਦਾ ਹੈ। ਨਿਰਾਸ਼ਾ ਮਨੁੱਖ ਦੇ ਰਸਤੇ ਦੀ ਵੱਡੀ ਰੁਕਾਵਟ ਹੈ। ਅਜਿਹੀ ਸਥਿਤੀ ਵਿੱਚ ਡੋਲਣਾ ਨਹੀਂ ਚਾਹੀਦਾ। ਹਾਰ ਨਹੀਂ ਮੰਨਣੀ ਚਾਹੀਦੀ। ਢੇਰੀ ਢਾਹ ਕੇ ਬੈਠਣ ਦੀ ਬਜਾਏ ਫਿਰ ਤੋਂ ਯਤਨ ਕਰਨੇ ਚਾਹੀਦੇ ਹਨ, ਨਿਰੰਤਰ ਯਤਨ ਕਰਨੇ ਚਾਹੀਦੇ ਤੇ ਆਸ਼ਾਵਾਦੀ ਸੋਚ ਨਾਲ ਅੱਗੇ ਵਧਣਾ ਚਾਹੀਦਾ ਹੈ। ਦੁਚਿੱਤੀ ਵਿੱਚ ਫਸੇ ਲੋਕਾਂ ਦੀ ਹਾਲਤ ਦੋ ਬੇੜੀਆਂ ਦੇ ਸਵਾਰ ਵਾਲੀ ਹੁੰਦੀ ਹੈ ਜਿਹੜੇ ਡੁੱਬੇ ਕਿ ਡੁੱਬੇ। ਸ਼ਰਮ ਤੇ ਡਰ ਦੀ ਭਾਵਨਾ ਮਨੁੱਖ ਨੂੰ ਅੱਗੇ ਵਧਣ ਤੋਂ ਰੋਕੀ ਰੱਖਦੀ ਹੈ। ਮਾੜੀਆਂ ਆਦਤਾਂ ਦਾ ਗੁਲਾਮ ਵੀ ਪਛੜ ਜਾਂਦਾ ਹੈ। ਦੁਨੀਆ ਕੀ ਕਹੇਗੀ? ਇਹ ਭਾਵਨਾ ਮਨ 'ਚ ਪਾਲਣ ਵਾਲੇ ਲੋਕ ਸਫਲਤਾ ਪ੍ਰਾਪਤ ਕਰਨ ਤੋਂ ਰਹਿ ਜਾਂਦੇ ਹਨ। ਹਾਲਾਤ ਨਾਲ ਸਮਝੌਤਾ ਕਰਨ ਵਾਲਿਆਂ ਨੂੰ ਸਫਲਤਾ ਨਸੀਬ ਨਹੀਂ ਹੁੰਦੀ। ਹਾਲਾਤ ਤੋਂ ਘਬਰਾਉਣ ਵਾਲੇ ਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਸਿਰਫ ਬਰਖਿਲਾਫ ਹਵਾਵਾਂ 'ਚ ਉਡਣ ਵਾਲਾ ਪਤੰਗ ਹੀ ਆਕਾਸ਼ੀ ਉਚਾਈਆਂ ਛੂੰਹਦਾ ਹੈ।

ਅੱਜ ਤੱਕ ਮਨੁੱਖ ਨੂੰ ਜਿੰਨੀਆਂ ਵੀ ਪ੍ਰਾਪਤੀਆਂ ਹੋਈਆਂ, ਉਹ ਇਕ ਨਿੱਕੇ ਜਿਹੇ ਸੁਪਨੇ ਤੋਂ ਸ਼ੁਰੂ ਹੋਈਆਂ ਤੇ ਇਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਲਈ ਮਨੁੱਖ ਨੇ ਲਗਾਤਾਰ ਦ੍ਰਿੜ੍ਹ ਇਰਾਦੇ ਨਾਲ ਮਿਹਨਤ ਕੀਤੀ। ਬੇਬਾਕ ਇਰਾਦੇ ਵਾਲਿਆਂ ਦੇ ਸੁਪਨੇ ਉਨ੍ਹਾਂ ਨੂੰ ਕਦੇ ਸੌਣ ਨਹੀਂ ਦਿੰਦੇ, ਸਗੋਂ ਅੱਗੇ ਹੋਰ ਅੱਗੇ ਵਧਣ ਦੀ ਚੇਟਕ ਲਗਾਈ ਰੱਖਦੇ ਹਨ। ਅਜਿਹੇ ਲੋਕ ਕਦੇ ਅਵੇਸਲੇ ਨਹੀਂ ਹੁੰਦੇ। ਆਪਣੀਆਂ ਅਸਫਲਤਾਵਾਂ ਤੋਂ ਘਬਰਾਉਂਦੇ ਨਹੀਂ। ਅਜਿਹੇ ਲੋਕ ਆਪਣੀ ਅਸਫਲਤਾ ਨੂੰ ਪੌੜੀ ਬਣਾ ਕੇ ਮੰਜ਼ਿਲ ਤੱਕ ਪਹੁੰਚਣ ਦਾ ਜ਼ਰੀਆ ਬਣਾ ਲੈਂਦੇ ਹਨ। ਵਾਲਟ ਡਿਜ਼ਨੀ ਦਾ ਕਥਨ ਹੈ, 'ਸਾਡੇ ਸਾਰੇ ਸੁਪਨੇ ਸੱਚਮੁੱਚ ਹੀ ਸਾਕਾਰ ਹੋ ਸਕਦੇ ਹਨ, ਜੇ ਇਰਾਦਾ ਨੇਕ ਹੈ, ਦ੍ਰਿੜ੍ਹ ਹੈ ਤੇ ਸਾਡੇ ਮਨ ਵਿੱਚ ਅੱਗੇ ਵਧਣ ਦਾ ਹੌਸਲਾ ਹਮੇਸ਼ਾ ਬੁਲੰਦ ਹੈ।'



# ਰਾਰਾ ਰੇਡੀਓ, ਦਿਲ ਦੇ ਕਰੀਬ

-ਰਾਕੇਸ਼ ਰਮਨ

'ਰਾਰਾ ਰੇਡੀਓ' ਮੁੱਢਲੀ ਜਮਾਤ ਵਿੱਚ ਮਾਤ ਭਾਸ਼ਾ ਸਿੱਖਣ ਦਾ ਇਹ ਗੁਰ ਅਜੇ ਵੀ ਕਦੇ-ਕਦੇ ਮੇਰੇ ਮਨ ਮਸਤਕ ਵਿੱਚ ਗੂੰਜ ਉਠਦਾ ਹੈ। ਰੇਡੀਓ ਮੇਰੀ ਮਾਤ ਭਾਸ਼ਾ ਦਾ ਸ਼ਬਦ ਨਹੀਂ, ਪਰ ਸਾਡੇ ਪਹਿਲੀ ਜਮਾਤ ਦੇ ਕੈਦੇ ਵਿੱਚ ਜੋ ਤਸਵੀਰਾਂ ਵਾਲੀ ਵਰਣਮਾਲਾ ਛਪੀ ਹੋਈ ਸੀ, ਉਸ ਵਿੱਚ ਰੇਡੀਓ ਦੀ ਤਸਵੀਰ ਦੇ ਨਾਲ 'ਰ' ਅੰਕਿਤ ਰਾਰਾ ਰੇਡੀਓ ਸੀ। ਹੋਰ ਅੱਖਰਾਂ ਦੇ ਨਾਲ-ਨਾਲ ਅਸੀਂ ਇਸ ਨੂੰ ਉਚੀ ਆਵਾਜ਼ ਵਿੱਚ ਬੋਲਦੇ। 'ਰਾਰਾ' ਰੇਡੀਓ ਸ਼ਾਇਦ ਸਾਡੇ ਸਾਰਿਆਂ ਲਈ ਇਕ ਪੰਜਾਬੀ ਸ਼ਬਦ ਹੀ ਸੀ। ਇਹ ਵੀ ਕਿਹਾ ਜਾ ਸਕਦਾ ਹੈ ਕਿ ਰੇਡੀਓ ਨਾਲ ਸਾਡਾ ਵਾਹ ਪੰਜਾਬੀ ਸ਼ਬਦ ਵਜੋਂ ਹੀ ਪਿਆ ਹੈ।

ਬਚਪਨ ਵਿੱਚ ਇਹ ਸ਼ਬਦ ਮੈਨੂੰ ਸਭ ਤੋਂ ਚੰਗੇ ਲੱਗਣ ਵਾਲੇ ਸ਼ਬਦਾਂ ਵਿੱਚੋਂ ਇਕ ਸੀ। ਇਸ ਰਾਹੀਂ ਮੈਨੂੰ ਵਿਚਾਰਾਂ ਅਤੇ ਕਲਾਵਾਂ ਦੇ ਵਿਸ਼ਾਲ ਸੰਸਾਰ ਨਾਲ ਜੁੜਨ ਦਾ ਮੌਕਾ ਮਿਲਿਆ। ਉਂਜ ਸਾਡੇ ਘਰ ਵਿੱਚ ਰੇਡੀਓ ਨਹੀਂ ਸੀ। ਸ਼ਹਿਰੀਏ ਪਹਿਲਾਂ ਰੇਡੀਓ ਲੈ ਆਏ ਸਨ, ਸ਼ਹਿਰਾਂ ਵਿਚਲੇ ਰਿਸ਼ਤੇਦਾਰਾਂ ਦੇ ਘਰ ਜਾਂਦੇ ਸੀ ਤਾਂ ਉਨ੍ਹਾਂ ਦੀਆਂ ਪੜਛੱਤੀਆਂ 'ਤੇ ਸਜਾ ਕੇ ਰੱਖੇ ਹੋਏ ਰੇਡੀਓ ਤੋਂ ਫਿਲਮੀ ਗਾਣੇ ਸੁਣ ਆਉਂਦੇ ਸੀ। ਚੰਗਾ ਲੱਗਦਾ ਸੀ, ਫਿਰ ਵੀ ਰੇਡੀਓ ਤੇ ਮੇਰੇ ਦਰਮਿਆਨ ਜੋ ਦੂਰੀ ਬਣੀ ਰਹਿੰਦੀ ਸੀ, ਉਹ ਮੈਨੂੰ ਰੜਕਦੀ ਰਹਿੰਦੀ ਸੀ।

ਇਸੇ ਦੌਰਾਨ 'ਮਰਫੀ' ਅਤੇ 'ਫਿਲਪ'ਜ਼' ਦੇ ਛੋਟੇ ਰੇਡੀਓ (ਟਰਾਂਜਿਸਟਰ) ਪਿੰਡਾਂ ਵਿੱਚ ਆ ਗਏ ਤੇ ਆਂਢ ਗੁਆਂਢ ਵਿੱਚ ਰੇਡੀਓ ਸੁਣਨ ਦੀ ਸੁਵਿਧਾ ਹਾਸਲ ਹੋ ਗਈ। ਮੈਨੂੰ ਯਾਦ ਹੈ ਕਿ ਮੇਰੀ ਇਕ ਤਾਈ ਰੇਡੀਓ ਸੁਣਨ ਦਾ ਲਾਲਚ ਦੇ ਕੇ ਮੇਰੇ ਤੋਂ ਕਈ ਘਰੇਲੂ ਕੰਮ ਕਰਵਾ ਲੈਂਦੀ ਸੀ। ਮੈਨੂੰ ਇਹ ਸੌਦਾ ਖਰਾ ਲੱਗਦਾ ਸੀ, ਕਿਉਂਕਿ ਕੰਮ ਪਿੱਛੋਂ ਮੈਨੂੰ ਆਪਣਾ ਮਨ ਪਸੰਦ ਸਟੇਸ਼ਨ ਲਾਉਣ ਦੀ ਖੁੱਲ੍ਹ ਮਿਲ ਜਾਂਦੀ ਸੀ।

ਉਦੋਂ ਸਟੇਸ਼ਨ ਵੀ ਗਿਣੇ ਚੁਣੇ ਸਨ। ਇਕ ਸਟੇਸ਼ਨ ਨੂੰ ਜਲੰਧਰ ਕਹੀਦਾ ਸੀ, ਇਕ ਨੂੰ ਵਿੱਧ (ਵਿਵਿਧ) ਭਾਰਤੀ, ਇਕ ਆਲ ਇੰਡੀਆ ਰੇਡੀਓ, ਇਹ ਰੇਡੀਓ ਲਾਹੌਰ ਵੀ ਖਿੱਚਦੇ ਸਨ। ਸਿਲੋਨ ਤੋਂ ਆਉਂਦੀ ਆਵਾਜ਼ ਕਦੇ ਉਚੀ ਹੋ ਜਾਂਦੀ ਸੀ ਤੇ ਕਦੇ ਹੌਲੀ। ਸਾਨੂੰ ਦੱਸਿਆ ਜਾਂਦਾ ਸੀ ਕਿ ਇਹ ਸਟੇਸ਼ਨ ਸਮੁੰਦਰ 'ਤੇ ਬਣਿਆ ਹੋਇਆ ਹੈ ਤੇ ਉਥੋਂ ਆਵਾਜ਼ ਉਵੇਂ ਹੀ ਆਉਂਦੀ ਹੈ, ਜਿਵੇਂ ਸਮੁੰਦਰ ਵਿੱਚੋਂ ਲਹਿਰਾਂ ਜ਼ੋਰ ਨਾਲ ਉਠਦੀਆਂ ਤੇ ਫਿਰ ਪਿੱਛੇ ਮੁੜਦੀਆਂ ਹਨ। ਮਨ ਅੰਦਰ ਇਹ ਜਗਿਆਸਾ ਉਸਲਵੱਟੇ ਲੈਂਦੀ ਰਹਿੰਦੀ ਕਿ ਆਖਰ ਕਿੱਦਾਂ ਦੇ ਹੋਣਗੇ ਰੇਡੀਓ ਸਟੇਸ਼ਨ। ਨਾਨਕਿਆਂ ਨੂੰ ਰੇਲ ਗੱਡੀ ਤੋਂ ਜਾਂਦੇ ਸੀ, ਇਸ ਲਈ 'ਰੇਲਵੇ ਸਟੇਸ਼ਨ' ਦੇਖਣ ਦਾ ਮੌਕਾ ਤਾਂ ਮਿਲਦਾ ਹੀ ਰਹਿੰਦਾ ਸੀ। ਬਚਪਨ ਵਿੱਚ ਇਹ ਰੀਝ ਸੀ ਕਿ ਕਾਸ਼! ਕਿਤੇ 'ਰੇਡੀਓ ਸਟੇਸ਼ਨ' ਦੇਖਣ ਦਾ ਸਬੱਬ ਵੀ ਬਣ ਜਾਵੇ।

ਮੇਰਾ ਰੇਡੀਓ ਸੁਣਨ ਦਾ 'ਝੱਲ' ਘਰ ਵਿੱਚ ਕਿਸੇ ਨੂੰ ਵੀ ਪਸੰਦ ਨਹੀ ਸੀ। ਮੇਰੀ ਮਾਂ ਅਕਸਰ ਮੈਨੂੰ ਰੇਡੀਓ ਸੁਣਨੋਂ ਵਰਜਦੀ ਤੇ ਮੇਰੀਆਂ ਜਣੇ ਖਣੇ ਕੋਲ ਸ਼ਿਕਾਇਤਾਂ ਕਰਨ ਲੱਗ ਪੈਂਦੀ। 'ਕੀ ਕੰਮ ਫੜ ਰੱਖਿਆ ਇਹਨੇ, ਢੈਅ ਜਾਣਾ ਰੇਡੂਆ ਸੁਣਨ ਖਾਤਰ ਲੋਕਾਂ ਦਾ ਗੋਲਪੁਣਾ ਕਰੀ ਜਾਂਦੈ, ਆ ਲੈਣ ਦੇ ਘਰੇ ਸੰਵਾਰਦੀ ਆਂ ਭੁਗਤ ਏਹਦੀ..।' ਉਸ ਦੇ ਝਿੜਕਣ ਦੀ ਆਵਾਜ਼ ਗੁਆਂਢੀਆਂ ਦੇ ਘਰ ਮੇਰੇ ਕੰਨੀਂ ਪੈ ਜਾਂਦੀ, ਪਰ ਮੈਂ ਰੇਡੀਓ ਦੇ ਮਾਮਲੇ ਵਿੱਚ ਪੂਰਾ 'ਢੀਠ' ਬਣਿਆ ਹੋਇਆ ਸੀ। ਅੱਜ ਕੱਲ੍ਹ ਦੇ ਜ਼ਮਾਨੇ ਮੁਤਾਬਕ ਕਹਿਣਾ ਹੋਵੇ ਤਾਂ ਕਹਿ ਸਕਦਾ ਹਾਂ ਕਿ ਰੇਡੀਓ ਦੇ ਮਾਮਲੇ ਵਿੱਚ ਮੈਂ ਕੋਈ ਵੀ ਸਮਝੌਤਾ ਕਰਨ ਲਈ ਤਿਆਰ ਨਹੀਂ ਸਾਂ। ਮੈਂ ਮਿੱਥਿਆ ਹੋਇਆ ਸੀ ਕਿ ਜੋ ਮਰਜ਼ੀ ਹੋ ਜੇ, ਮਾਂ ਜੋ ਮਰਜ਼ੀ ਕਹੀ ਜਾਵੇ, ਰੇਡੀਓ ਮੈਂ ਸੁਣਾਂਗਾ ਹੀ। ਉਧਰ ਦੂਜੇ ਪਾਸੇ ਮੇਰੇ ਰੇਡੀਓ ਸੁਣਨ ਦੇ ਸ਼ੌਕ ਨੂੰ ਪਰਵਾਰ ਵਾਲਿਆਂ ਨੇ ਮੇਰਾ ਐਬ ਘੋਸ਼ਿਤ ਕਰ ਦਿੱਤਾ ਸੀ। ਹੁਣ ਘਰ ਵਾਲਿਆਂ ਦੀ ਨਜ਼ਰ ਵਿੱਚ ਮੈਂ ਐਬੀ ਸਾਂ, ਉਨ੍ਹਾਂ ਦੇ ਹਿਸਾਬ ਨਾਲ ਮੈਂ ਵਿਗੜ ਰਿਹਾ ਸਾਂ, ਪਰ ਆਪਣੀ ਨਜ਼ਰ ਵਿੱਚ ਮੈਂ ਸੁਧਰ ਰਿਹਾ ਸਾਂ। ਮੇਰੀ ਜਾਣਕਾਰੀ ਵਿੱਚ ਵਾਧਾ ਹੋ ਰਿਹਾ ਸੀ ਤੇ ਜਾਣਕਾਰੀਆਂ ਹਾਸਲ ਕਰਨ ਵਿੱਚ ਸ਼ਰੀਫ ਅਤੇ ਜ਼ਿੰਮੇਦਾਰ ਭੈਣ ਭਰਾਵਾਂ ਨੂੰ ਪਛਾੜਦਾ ਜਾ ਰਿਹਾ ਸਾਂ। ਇਹ ਵੀ ਸ਼ਾਇਦ ਰੇਡੀਓ ਪ੍ਰੋਗਰਾਮਾਂ ਨੂੰ ਸ਼ਿੱਦਤ ਨਾਲ ਸੁਣਨ ਦਾ ਹੀ ਨਤੀਜਾ ਸੀ ਕਿ ਬਾਅਦ ਵਿੱਚ ਮੈਂ ਆਪਣੀ ਵੱਡੀਆਂ ਜਮਾਤਾਂ ਦੀ ਪੜ੍ਹਾਈ ਦੌਰਾਨ ਰੇਡੀਓ ਵਿੱਚ ਕੰਮ ਕਰਦੀ ਆਵਾਜ਼ ਦੀ ਗਤੀ ਦੇ ਵਿਗਿਆਨਕ ਸਿਧਾਂਤ ਨੂੰ ਚੰਗੀ ਤਰ੍ਹਾਂ ਸਮਝਣ ਦੇ ਸਮਰੱਥ ਹੋ ਗਿਆ।

ਖੈਰ! ਬਚਪਨ ਵਿੱਚ ਅਜਿਹੀਆਂ ਚੀਜ਼ਾਂ ਦੀ ਸੋਝੀ ਆ ਸਕਣਾ ਸੰਭਵ ਨਹੀਂ ਸੀ। ਉਦੋਂ ਤਾਂ ਬਸ ਇਹ ਲੱਗਣਾ ਹੀ ਕਾਫੀ ਹੁੰਦੀ ਸੀ ਕਿ ਕਿਹੜੇ ਰੇਡੀਓ ਸਟੇਸ਼ਨ 'ਤੇ ਕਿਹੜੇ-ਕਿਹੜੇ ਪ੍ਰੋਗਰਾਮ ਚੱਲਦੇ ਹਨ। ਸੁਣਨ ਵਾਲੇ ਆਪਣੇ ਮਨਪਸੰਦ ਪ੍ਰੋਗਰਾਮਾਂ ਵਿੱਚ ਮੈਂ ਖਬਰਾਂ ਨੂੰ ਵੀ ਥਾਂ ਦੇ ਰੱਖੀ ਸੀ। ਪਿੰਡ ਦੇ ਬੋਹੜ ਹੇਠਾਂ ਗਰਮੀਆਂ ਦੀ ਦੁਪਹਿਰ ਕੱਟਣ ਲਈ ਰੋਜ਼ਾਨਾ ਆਉਂਦਾ ਇਕ ਬਜ਼ੁਰਗ ਨਾਲ ਰੇਡੀਓ ਵੀ ਲੈ ਆਉਂਦਾ ਸੀ। ਰੇਡੀਓ ਸਿਰਹਾਣੇ ਰੱਖ ਕੇ ਉਹ ਅਕਸਰ ਹੀ ਗਾਣੇ ਸੁਣਦਾ ਰਹਿੰਦਾ ਸੀ। ਜਦੋਂ ਖਬਰਾਂ ਪ੍ਰਸਾਰਿਤ ਹੋਣ ਲੱਗਦੀਆਂ ਤਾਂ ਝੱਟ ਸਟੇਸ਼ਨ ਬਦਲ ਲੈਂਦਾ। ਇਕ ਵਾਰ ਮੈਂ ਸੁਭਾਵਿਕੀ ਉਸ ਤੋਂ ਪੁੱਛ ਬੈਠਾ, 'ਬਾਬਾ ਤੂੰ ਖਬਰਾਂ ਨੀਂ ਸੁਣਦਾ ਹੁੰਦਾ?' ਉਹ ਮੁਸਕਣੀਆਂ ਹੱਸਦਾ ਉਠ ਬੈਠਾ ਤੇ ਸਿਰ ਹੇਠ ਰੱਖਿਆ ਡੱਬੀਦਾਰ ਸਾਫਾ ਸਿਰ 'ਤੇ ਵਲੇਟਦਿਆਂ ਬੋਲਿਆ, 'ਕਿਉਂ, ਖਬਰਾਂ ਕਿਉਂ ਸੁਣਾਂ?' ਭਲਾ ਕੋਈ ਪਾਕਿਸਤਾਨ ਨਾਲ ਲੜਾਈ ਲੱਗੀ ਹੋਈ ਆ?' ਫੇਰ ਉਸ ਨੇ 'ਵਾਜੇ ਦਾ ਕੰਨ ਮਰੋੜਿਆ, 'ਗਾਣਾ ਵੱਜ ਉਠਿਆ, 'ਮੇਰੀ ਐਸੀ ਝਾਂਜਰ ਛਣਕੇ..।' ਸੁਣ ਕੇ ਬਜ਼ੁਰਗ ਦੀਆਂ ਵਾਛਾਂ ਖਿੜ ਗਈਆਂ ਤੇ ਉਸ ਨੇ ਮੈਨੂੰ ਵੀ ਸਲਾਹ ਦਿੱਤੀ ਕਿ ਮੈਂ ਵੀ ਗਾਣੇ ਸੁਣਿਆ ਕਰਾਂ। ਖਬਰਾਂ ਉਹੀ ਲੋਕ ਸੁਣਦੇ ਸਨ, ਜਿਨ੍ਹਾਂ ਵਿੱਚ ਦੇਸ਼ ਦੁਨੀਆ ਨੂੰ ਜਾਣਨ ਦੀ ਵਧੇਰੇ ਉਤਸੁਕਤਾ ਹੁੰਦੀ ਸੀ। ਬਹੁਤੇ ਲੋਕ ਗਾਣੇ ਸੁਣ ਕੇ ਮਨ ਪਰਚਾਉਂਦੇ ਅਤੇ ਜੀਵਨ ਦੇ ਕਈ ਖੇਤਰਾਂ ਨਾਲ ਸਬੰਧਤ ਪ੍ਰੋਗਰਾਮ ਸੁਣ ਕੇ ਆਪਣੀ ਜਾਣਕਾਰੀ ਵਿੱਚ ਵਾਧਾ ਕਰਦੇ।



ਇਸ ਤੋਂ ਅੱਗੇ ਜਾ ਕੇ ਇਕ ਸਮੇਂ ਰੇਡੀਓ ਸ਼ੌਕੀਨੀ ਦਾ ਪ੍ਰਤੀਕ ਵੀ ਬਣ ਗਿਆ ਸੀ। ਪਿੰਡਾਂ 'ਚ ਨੱਤੀਆਂ ਵਾਲੇ ਕਈ ਗੱਭਰੂ ਆਪਣੇ ਲਾਇਸੈਂਸੀ ਸਾਈਕਲਾਂ 'ਤੇ ਸਵਾਰ ਹੋ ਜਦੋਂ ਵਾਂਢੇ ਜਾਂਦੇ ਤਾਂ ਮੋਢੇ 'ਤੇ ਟਰਾਂਜਿਸਟਰ ਵੀ ਲਟਕਾ ਕੇ ਲੈ ਜਾਂਦੇ। ਟਰਾਂਜਿਸਟਰ ਉਪਰ ਵੱਧਰੀ ਵਾਲਾ ਚਮੜੇ ਦਾ ਕਵਰ ਚੜ੍ਹਾ ਲਿਆ ਜਾਂਦਾ। ਵੱਧਰੀ ਰਾਹੀਂ ਟਰਾਂਜਿਸਟਰ ਨੂੰ ਆਸਾਨੀ ਨਾਲ ਮੋਢੇ 'ਤੇ ਟੰਗਿਆ ਜਾ ਸਕਦਾ ਸੀ। ਜਦੋਂ ਸਾਡੇ ਘਰ ਪਹਿਲਾਂ ਟਰਾਂਜਿਸਟਰ ਆਇਆ ਅਤੇ ਜਦੋਂ ਮੈਂ ਤੇ ਮੇਰਾ ਵੱਡਾ ਭਰਾ ਸਾਈਕਲ ਚਲਾਉਣ ਜੋਗੇ ਹੋਏ, ਆਪਣੇ ਪਿੰਡ ਤੋਂ ਤਿੰਨ ਕੁ ਮੀਲ ਦੂਰ ਰਿਸ਼ਤੇਦਾਰੀ ਵਿੱਚ ਅਸੀਂ ਵੀ ਇਸੇ ਅੰਦਾਜ਼ ਵਿੱਚ ਟਰਾਂਜਿਸਟਰ ਲੈ ਕੇ ਗਏ। ਸਾਰੇ ਰਾਹ ਡਰਦੇ ਹੀ ਗਏ ਤੇ ਡਰਦੇ ਹੀ ਮੁੜੇ ਕਿ ਕਿਤੇ ਕੋਈ ਰੇਡੀਓ ਹੀ ਨਾ ਖੋਹ ਲਵੇ। ਜਦੋਂ ਰਿਸ਼ਤੇਦਾਰਾਂ ਦੇ ਵਿਹੜੇ 'ਚ ਸਾਡੇ ਲਈ ਮੰਜਾ ਡਾਹਿਆ ਤਾਂ ਅਸੀਂ ਟੌਹਰ ਨਾਲ ਬੈਠੇ, ਸਾਡੇ ਕੋਲ ਰੇਡੀਓ ਜੋ ਸੀ। ਰੇਡੀਓ ਉਤੇ ਪੇਸ਼ ਕੀਤੇ ਜਾਣ ਵਾਲੇ ਪ੍ਰੋਗਰਾਮ ਸਮਾਜ ਦੇ ਹਰ ਵਰਗ ਨਾਲ ਸਬੰਧ ਰੱਖਣ ਵਾਲੇ ਹੁੰਦੇ ਸਨ, ਹਰ ਵਰਗ ਦੀ ਸਥਿਤੀ ਨੂੰ ਧਿਆਨ ਵਿੱਚ ਰੱਖ ਕੇ ਬਣਾਏ ਗਏ ਪ੍ਰੋਗਰਾਮ, ਜਾਣਕਾਰੀ ਵਿੱਚ ਵਾਧਾ ਕਰਨ ਵਾਲੇ, ਸੇਧ ਦੇਣ ਵਾਲੇ ਅਤੇ ਵੰਨ ਸੁਵੰਨੇ ਪ੍ਰੋਗਰਾਮ। ਰੇਡੀਓ ਸਟੇਸ਼ਨ ਉਪਰ ਇਹ ਸੌਖਿਆਂ ਹੀ ਉਪਲੱਬਧ ਹੁੰਦੇ ਸਨ, ਜਿਵੇਂ ਅੱਜ ਕੱਲ੍ਹ ਟੀ ਵੀ ਉਪਰ ਚੰਗੇ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ, ਪਰ ਉਹ ਅਕਸਰ ਚੈਨਲਾਂ ਦੀ ਭੀੜ ਵਿੱਚ ਗੁਆਚੇ ਹੁੰਦੇ ਹਨ। ਰੇਡੀਓ ਦੇ ਜ਼ਮਾਨੇ ਵਿੱਚ ਚੰਗਿਆਈ ਦੀ ਇਹੋ ਜਿਹੀ ਦੁਰਦਸ਼ਾ ਨਹੀਂ ਸੀ ਹੁੰਦੀ। ਪ੍ਰੋਗਰਾਮ ਦੀ ਪੇਸ਼ਕਾਰੀ ਬੜੀ ਜ਼ਬਰਦਸਤ ਹੁੰਦੀ ਸੀ। ਪ੍ਰੋਗਰਾਮ ਦਾ ਸ਼ੁਰੂਆਤੀ ਸੰਗੀਤ ਮਨ ਨੂੰ ਮੋਹ ਲੈਂਦਾ ਸੀ ਅਤੇ ਸੁਤੇਸਿੱਧ ਹੀ ਮਨ ਦੀ ਇਕਾਗਰਤਾ ਕਾਇਮ ਹੋ ਜਾਂਦੀ ਸੀ। ਮਿਸਾਲ ਵਜੋਂ 'ਜ਼ਰਾਇਤੀ ਪ੍ਰੋਗਰਾਮ' ਦੇ ਆਰੰਭ ਵਿੱਚ ਅਲਗੋਜ਼ਿਆਂ ਦਾ ਸੰਗੀਤ ਹੁੰਦਾ ਸੀ। ਅਲਗੋਜ਼ਿਆਂ ਦਾ ਜਾਦੂ ਤਾਂ ਉਂਜ ਹੀ ਦਿਹਾਤੀ ਸਰੋਤੇ ਦੇ ਸਿਰ ਚੜ੍ਹ ਕੇ ਬੋਲਦਾ ਹੈ। ਦਹਾਕਿਆਂ ਤੱਕ 'ਜ਼ਰਾਇਤੀ' ਅਤੇ 'ਦਿਹਾਤੀ ਪ੍ਰੋਗਰਾਮ' ਪੰਜਾਬੀ ਸਰੋਤਿਆਂ ਦੇ ਮਨਭਾਉਂਦੇ ਪ੍ਰੋਗਰਾਮ ਰਹੇ। ਇਹ ਪ੍ਰੋਗਰਾਮ ਪੰਜਾਬ ਦੇ ਹਰੇ ਇਨਕਲਾਬ ਨੂੰ ਵੱਡਾ ਹੁਲਾਰਾ ਵੀ ਦਿੰਦੇ ਰਹੇ ਤੇ ਕਈ ਸਾਰੀਆਂ ਹੋਰ ਨਵੀਆਂ ਸਮਾਜਿਕ ਤਬਦੀਲੀਆਂ ਦੇ ਵਾਹਕ ਵੀ ਬਣੇ। ਇਸ ਬਾਰੇ ਕੋਈ ਵੀ ਦੋ ਰਾਵਾਂ ਨਹੀਂ ਹਨ ਕਿ ਰੇਡੀਓ ਵਾਲਿਆਂ ਕੋਲ ਬੜੇ ਪ੍ਰਤਿਭਾਸ਼ਾਲੀ ਪੇਸ਼ਕਾਰ ਸਨ, ਜਿਨ੍ਹਾਂ ਦੀ ਕਲਾਤਮਕ ਪੇਸ਼ਕਾਰੀ ਬੇਜੋੜ ਸੀ। ਇਹ ਨਿਰੇ ਪੇਸ਼ਕਾਰ ਵੀ ਨਹੀਂ, ਸਗੋਂ ਨਾਟਕਾਂ ਵਿੱਚ ਆਵਾਜ਼ ਦਿੰਦੇ ਸਨ, ਵਾਰਤਾ ਪੇਸ਼ ਕਰਨ ਦੇ ਮਾਹਰ ਵੀ ਸਨ, ਪ੍ਰੋਗਰਾਮਾਂ ਵਿੱਚ ਵਾਰਤਾਲਾਪ ਵੀ ਕਰਦੇ ਸਨ, ਗੱਲ ਕੀ ਸੋਲਾਂ ਕਲਾਂ ਸਪੰਨ ਹੁੰਦੇ ਸਨ। ਰੇਡੀਓ ਪ੍ਰੋਗਰਾਮਾਂ ਵਿੱਚ ਉਨ੍ਹਾਂ ਦੇ ਨਾਮ ਕੁਝ ਹੋਰ ਹੁੰਦੇ ਸਨ, ਜਿਵੇਂ ਭਾਈਆ ਜੀ, ਠੰਢੂ ਰਾਮ, ਰੌਣਕੀ ਰਾਮ ਫੌਜਾ ਸਿੰਘ, ਮਾਸਟਰ ਜੀ ਆਦਿ। ਮੈਨੂੰ ਇਸ ਗੱਲ ਦੀ ਅੰਦਰੋਂ-ਅੰਦਰੀਂ ਬੜੀ ਖੁਸ਼ੀ ਹੁੰਦੀ ਸੀ ਕਿ ਮੈਂ ਉਨ੍ਹਾਂ ਦੇ ਅਸਲੀ ਨਾਂ ਜਾਣਦਾ ਹਾਂ।

ਵਿਸ਼ੇਸ਼ ਪ੍ਰੋਗਰਾਮਾਂ ਦੇ ਪੇਸ਼ਕਾਰ ਪ੍ਰੋਗਰਾਮ ਨੂੰ ਬੜੇ ਸਹਿਜ ਢੰਗ ਨਾਲ ਸ਼ੁਰੂ ਕਰਦੇ ਸਨ। ਦਿਹਾਤੀ ਪ੍ਰੋਗਾਰਮ ਇਉਂ ਪੇਸ਼ ਕੀਤਾ ਜਾਂਦਾ ਸੀ, ਜਿਵੇਂ ਤ੍ਰਿਕਾਲਾਂ ਵੇਲੇ ਕਿਸੇ ਦੇ ਘਰ ਗੱਲਾਂ ਬਾਤਾਂ ਕਰਨ ਲਈ ਕੁਝ ਗਿਣੇ ਚੁਣੇ ਲੋਕ ਇਕੱਠੇ ਹੋ ਰਹੇ ਹੋਣ। ਦੋ ਤਿੰਨ ਬੰਦੇ ਪੱਕੇ ਤੇ ਬਾਕੀ ਹਿੱਸਾ ਲੈਣ ਵਾਲੇ ਮਾਹਿਰ ਤੇ ਹੁਨਰ-ਮੰਦ। ਇਹ ਪੱਕੇ ਬੰਦੇ ਬਾਹਰੋਂ ਆਉਂਦੇ ਮਾਸਟਰ ਜੀ ਜਾਂ ਭਾਈਆ ਜੀ ਨੂੰ ਦਰਵਾਜ਼ਾ ਲੰਘ ਆਉਣ ਦਾ ਸੱਦਾ ਦਿੰਦੇ ਤੇ ਕੋਈ ਗੱਲ ਸਵਾਲ ਰੂਪ ਵਿੱਚ ਪੁੱਛ ਲੈਂਦੇ, ਜਿਵੇਂ 'ਕੀ ਗੱਲ ਭਾਈਆ ਜੀ ਬੜੇ ਘਬਰਾਏ ਹੋਏ ਹੋ?' ਉਹ ਅੱਗੋਂ ਗਲੀ ਵਿੱਚ ਆਵਾਰਾ ਕੁੱਤਿਆਂ ਦੀ ਭਰਮਾਰ ਦਾ ਵੇਰਵਾ ਪਾਉਂਦਾ ਤੇ ਇਉਂ ਗੱਲਬਾਤ ਸੁਭਾਵਿਕ ਜਿਹੇ ਢੰਗ ਨਾਲ ਹਲਕਾਅ ਦੀ ਬਿਮਾਰੀ ਬਾਰੇ ਹੋਣ ਲੱਗਦੀ, ਗੱਲਬਾਤ ਦੀ ਅਗਲੀ ਕੜੀ ਵਿੱਚ ਕੋਈ ਮਾਹਿਰ ਹਲਕਾਅ ਦੀ ਬਿਮਾਰੀ ਬਾਰੇ ਵਾਰਤਾ ਪੇਸ਼ ਕਰ ਦਿੰਦਾ। ਕਦੇ ਕੋਈ ਸਮਾਜਿਕ ਕੁਰੀਤੀਆਂ ਬਾਰੇ, ਕਦੇ ਫਸਲਾਂ ਦੇ ਰੋਗਾਂ ਬਾਰੇ, ਫਸਲਾਂ ਬਾਰੇ, ਉਨਤ ਕਿਸਮਾਂ ਬਾਰੇ, ਅਣਮੁੱਕ ਵਿਸ਼ੇ ਹੁੰਦੇ ਸਨ। ਇਸ ਪ੍ਰੋਗਰਾਮ ਉੱਤੇ ਸਿਰਫ ਵਾਰਤਾਲਾਪ ਰਾਹੀਂ ਪੇਸ਼ਕਾਰ ਕਦੇ ਸੰਜੀਦਾ ਤੇ ਕਦੇ ਰੰਗਾ ਰੰਗ ਮਾਹੌਲ ਉਸਾਰ ਦਿੰਦੇ ਸਨ। ਸਰੋਤੇ ਨੂੰ ਅਕਸਰ ਮਹਿਸੂਸ ਹੋਣ ਲੱਗਦਾ ਸੀ ਕਿ ਪ੍ਰੋਗਰਾਮ ਦਾ ਸਮਾਂ ਬਹੁਤ ਘੱਟ ਹੈ।

ਹਰ ਪ੍ਰੋਗਰਾਮ ਦੀ ਆਪਣੀ ਇਕ ਵੱਖਰੀ ਮੌਲਿਕ ਪਛਾਣ ਸੀ। 'ਜਵਾਂ ਤਰੰਗ' 'ਤ੍ਰਿੰਝਣ', 'ਗੁਰਬਾਣੀ ਵਿਚਾਰ', 'ਫੌਜੀ ਭਾਈਆਂ ਦਾ ਪ੍ਰੋਗਰਾਮ', 'ਫਿਲਮੀ ਗੀਤਾਂ ਦਾ ਫਰਮਾਇਸ਼ੀ ਪ੍ਰੋਗਰਾਮ'। ਮਤਲਬ ਹਰ ਵਰਗ ਦੀ ਲੋੜ ਤੇ ਰੰਗ ਵਿੱਚ ਰੰਗਿਆ ਪ੍ਰੋਗਰਾਮ ਰੇਡੀਓ 'ਤੇ ਉਪਲੱਬਧ ਹੁੰਦਾ ਸੀ। ਖਬਰਾਂ ਨਵੀਆਂ ਤੇ ਤਾਜ਼ਾ ਹੁੰਦੀਆਂ ਸਨ ਜੋ ਨਾਮਵਰ ਏਜੰਸੀਆਂ ਦੇ ਹਵਾਲੇ ਨਾਲ ਪੇਸ਼ ਹੁੰਦੀਆਂ ਸਨ, ਅੱਜ ਵਾਂਗ ਚੌਵੀ ਘੰਟੇ ਇਕੋ ਖਬਰ ਨਹੀਂ ਸੀ ਦੁਹਰਾਈ ਜਾਂਦੀ। ਲੋਕਾਂ ਨੇ ਇਕ ਮੁਹਾਵਰਾ ਵੀ ਬਣਾ ਰੱਖਿਆ ਸੀ, 'ਰੇਡੀਓ ਦੂਜੀ ਵਾਰ ਖਬਰ ਨਹੀਂ ਦਿੰਦਾ।'

ਆਖਰ ਰੇਡੀਓ ਸਟੇਸ਼ਨ ਨੂੰ ਅੰਦਰੋਂ ਦੇਖਣ ਦੀ ਮੇਰੀ ਚਿਰੋਕਣੀ ਰੀਝ ਵੀ ਪੂਰੀ ਹੋ ਗਈ। ਬਾਰਾਂ ਕੁ ਸਾਲ ਪਹਿਲਾਂ ਜਲੰਧਰ ਰੇਡੀਓ ਸਟੇਸ਼ਨ ਦੇ ਇਕ ਪ੍ਰੋਗਰਾਮ ਪ੍ਰੋਡਿਊਸਰ ਦਾ ਸੱਦਾ ਆਇਆ। ਬੁਲਾਵੇ ਅਨੁਸਾਰ ਮੈਂ ਸ਼ਾਇਦ ਸੁਰਜੀਤ ਪਾਤਰ ਦੀ ਇੰਟਰਵਿਊ ਕਰਨੀ ਸੀ। ਉਹ ਦਿਨ ਮੇਰੇ ਲਈ ਯਾਦਗਾਰੀ ਹੋ ਗਿਆ, ਦੋ ਖੁਸ਼ੀਆਂ ਇਕੱਠੀਆਂ ਮਿਲ ਗਈਆਂ। ਮੈਂ ਰੇਡੀਓ ਸਟੇਸ਼ਨ ਦੀ ਅੰਦਰਲੀ ਦੁਨੀਆ ਵੀ ਦੇਖ ਸਕਿਆ ਤੇ ਇੰਟਰਵਿਊ ਮਗਰੋਂ ਸੁਰਜੀਤ ਪਾਤਰ ਨੇ ਮੇਰੇ ਅੰਦਾਜ਼ ਦੀ ਭਰਵੀਂ ਤਾਰੀਫ ਵੀ ਕੀਤੀ।



# ਹਾੜ੍ਹੀ ਵੱਢੂੰਗੀ ਬਰੋਬਰ ਤੇਰੇ..

–ਜਗਜੀਤ ਕੌਰ ਢਿੱਲਵਾ

ਕਦੇ ਸਮਾਂ ਸੀ ਜਦੋਂ ਸਮੁੱਚਾ ਪੰਜਾਬ ਖੇਤੀਬਾੜੀ ਉਤੇ ਨਿਰਭਰ ਸੀ। ਫਸਲਾਂ ਦੀ ਉਪਜ ਰੋਟੀ ਦਾ ਮੁੱਖ ਸਾਧਨ ਸੀ। ਖੇਤੀਬਾੜੀ ਆਧਾਰਿਤ ਜੀਵਨ ਕਰਕੇ ਹੀ ਪੰਜਾਬੀਆਂ ਨੇ ਛੇ ਰੁੱਤਾਂ ਨੂੰ ਵੀ ਆਪਣੀਆਂ ਫਸਲਾਂ ਮੁਤਾਬਕ ਦੋ ਰੁੱਤਾਂ ਵਿੱਚ ਹੀ ਸਮੇਟ ਲਿਆ, ਹਾੜ੍ਹੀ ਦੀ ਰੁੱਤ ਤੇ ਸਾਉਣੀ ਦੀ ਰੁੱਤ। ਹਾੜ੍ਹੀ ਅਤੇ ਸਾਉਣੀ ਉਨ੍ਹਾਂ ਦੀ ਫਸਲ ਵੰਡ ਦਾ ਵਿਧੀ ਵਿਧਾਨ ਸੀ ਜੋ ਪੂਰੀ ਤਰ੍ਹਾਂ ਨਾਲ ਵਾਤਾਵਰਣਕ ਅਨੁਕੂਲਤਾ ਅਨੁਸਾਰ ਹੀ ਮਾਪਿਆ ਗਿਆ। ਹਾੜ੍ਹੀ ਦੀਆਂ ਫਸਲਾਂ ਵਿੱਚ ਕਣਕ, ਛੋਲੇ, ਸਰ੍ਹੋਂ ਤੇ ਜਵੀ ਆਦਿ ਆਉਂਦੀਆਂ ਹਨ। ਇਨ੍ਹਾਂ ਵਿੱਚੋਂ ਸਿਰਕੱਢਵਾਂ ਸਥਾਨ ਹੈ ਕਣਕ ਦਾ, ਜੋ ਧਰਤੀ ਦੇ ਹਰ ਵਾਸੀ ਦਾ ਢਿੱਡ ਭਰਦੀ ਹੈ। ਇਸੇ ਫਸਲ ਕਰਕੇ ਕਿਸਾਨ ਨੂੰ 'ਅੰਨ ਦਾਤਾ' ਤੇ 'ਰਿਜਕ ਦਾਤਾ' ਜਿਹੇ ਰੁਤਬਿਆਂ ਨਾਲ ਨਿਵਾਜਿਆ ਗਿਆ।



ਪੰਜਾਬ ਵਿੱਚ ਕਣਕ ਦੀ ਬਿਜਾਈ ਅਕਤੂਬਰ ਨਵੰਬਰ ਮਹੀਨੇ ਵਿੱਚ ਕੀਤੀ ਜਾਂਦੀ ਹੈ ਅਤੇ ਅਪਰੈਲ ਮਹੀਨੇ ਤੱਕ ਇਹ ਪੱਕ ਕੇ ਤਿਆਰ ਹੋ ਜਾਂਦੀ ਹੈ। ਅਪ੍ਰੈਲ ਮਹੀਨੇ ਆਉਂਦੇ ਵਿਸਾਖੀ ਦੇ ਤਿਓਹਾਰ ਨੂੰ ਵੀ ਕਣਕ ਪੱਕਣ ਦੀ ਖੁਸ਼ੀ ਨਾਲ ਜੋੜਿਆ ਜਾਂਦਾ ਹੈ। ਜਿਵੇਂ:

ਕਣਕਾਂ ਦੀ ਹੁਣ ਮੁੱਕ ਗਈ ਰਾਖੀ
ਓ ਜੱਟਾ ਆਈ ਵਿਸਾਖੀ

ਕਣਕ ਦੀ ਬਿਜਾਈ ਤੋਂ ਲੈ ਕੇ ਕਟਾਈ ਤੱਕ ਦਾ ਸਮਾਂ ਕਿਸਾਨ ਲਈ ਬਹੁਤ ਨਾਜ਼ੁਕ ਹੁੰਦਾ ਹੈ। ਹਰ ਕਿਸਾਨ ਇਸ ਨੂੰ ਆਪਣੇ ਧੀਆਂ ਪੁੱਤਾਂ ਵਾਂਗ ਪਾਲਦਾ ਹੈ। ਪੋਹ ਮਾਘ ਦੀਆਂ ਕਕਰੀਲੀਆਂ ਰਾਤਾਂ ਨੂੰ ਖੇਤਾਂ ਵਿੱਚ ਛੱਪਰ ਪਾ ਕੇ ਆਵਾਰਾ ਪਸ਼ੂਆਂ ਤੋਂ ਰਖਵਾਲੀ ਕਰਨੀ ਕਿਸੇ ਤਪੱਸਿਆ ਤੋਂ ਘੱਟ ਨਹੀਂ। ਜਿਸ ਦੀ ਗਵਾਹੀ ਇਕ ਲੋਕ ਬੋਲੀ ਇੰਜ ਭਰਦੀ ਹੈ:

ਮਾਹੀ ਗਿਆ ਸੀ ਕਣਕ ਦੀ ਰਾਖੀ,
ਉਥੇ ਈ ਛੱਪਰ ਪਾ ਲਿਆ।
ਹਾਏ ਨੀ ਜਾਏ ਵੱਢੀ ਦਾ,
ਟਿੱਡੀਆਂ ਨੇ ਖਾ ਲਿਆ।

ਹਰੀ ਕਚਨਾਰ ਤੋਂ ਸੁਨਹਿਰੀ ਭਾਅ ਮਾਰਦੀ ਕਣਕ ਨੂੰ ਵੇਖ ਕੇ ਕਿਸਾਨ ਖੁਸ਼ੀ ਵਿੱਚ ਖੀਵਾ ਹੋ ਉਠਦਾ ਹੈ, ਪਰ ਮੌਸਮ ਦੇ ਬਦਲਦੇ ਤੇਵਰ ਕਈ ਵਾਰ ਉਸ ਦਾ ਰੰਗ ਬਦਲ ਜਾਂਦੇ ਹਨ। ਉਹ ਖੁੱਲ੍ਹੇ ਆਸਮਾਨ ਥੱਲੇ ਪਈ ਖੂਨ ਪਸੀਨੇ ਦੀ ਕਮਾਈ ਨੂੰ ਵੇਖ ਕੇ ਰੱਬ ਨੂੰ ਅਰਜ਼ੋਈ ਕਰਦਾ ਹੈ। ਬੱਦਲ ਛਾਏ ਵੇਖ ਕੇ ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਜਾਂਦਾ ਹੈ। ਪੁੱਤਾਂ ਵਾਂਗ ਪਾਲੀ ਫਸਲ ਨੂੰ ਬਾਹਰ ਖੜੀ ਵੇਖ ਕੇ ਉਹ ਉਸ ਨਾਲ ਮੋਹ ਜਤਾਉਂਦਾ ਹੈ ਅਤੇ ਆਫਣੀ ਬੇਵਸੀ ਦਾ ਉਲਾਂਭਾ ਰੱਬ ਨੂੰ ਦਿੰਦਾ ਹੈ ਤਾਂ ਲੋਕ ਕਵੀ ਸੰਤ ਰਾਮ ਉਦਾਸੀ ਦੇ ਬੋਲ ਆਪ ਮੁਹਾਰੇ ਉਸ ਦੇ ਬੁੱਲ੍ਹਾਂ ਉਤੇ ਥਿਰਕਣ ਲੱਗਦੇ ਹਨ:

ਕਿੱਥੇ ਰੱਖ ਲਾਂ ਲੁਕੋ ਕੇ ਤੈਨੂੰ ਕਣਕੇ
ਨੀ ਰੁੱਤ ਬੇਈਮਾਨ ਹੋ ਗਈ।

ਜਿੰਨੀ ਦੇਰ ਕਣਕ ਘਰ ਨਹੀਂ ਆ ਜਾਂਦੀ, ਕਿਸਾਨ ਰੱਬ-ਰੱਬ ਕਰਕੇ ਸਮਾਂ ਲੰਘਾਉਂਦਾ ਹੈ। ਇਨ੍ਹਾਂ ਫਿਕਰਾਂ ਅਤੇ ਰੁਝੇਵਿਆਂ ਭਰੇ ਦਿਨਾਂ ਵਿੱਚ ਉਸ ਦੀ ਗ੍ਰਿਹਿਸਥੀ ਗੱਡੀ ਲੜਖੜਾ ਜਾਂਦੀ ਹੈ। ਇਹ ਫਿਕਰਮੰਦੀ ਦੇ ਪਲ ਉਸ ਦੇ ਜੀਵਨ ਦਾ ਖੇੜਾ ਚੁਰਾ ਲੈਂਦੇ ਹਨ। ਭਾਵੇਂ ਕਿ ਇਹ ਸਮਾਂ ਸਮੁੱਚੇ ਪਰਵਾਰ ਲਈ ਹੀ ਝੋਰਿਆਂ ਭਰਿਆ ਹੁੰਦਾ ਹੈ, ਫਿਰ ਵੀ ਕਿਸਾਨ ਦੀ ਘਰ ਵਾਲੀ ਨੂੰ ਪਤੀ ਦਾ ਫਿਕਰ ਅੱਖੀਂ ਰੜਕਦਾ ਹੈ। ਉਹ ਉਸ ਨੂੰ ਇਸ ਚਿੰਤਾ ਦੇ ਆਲਮ ਵਿੱਚੋਂ ਕੱਢਣਾ ਲੋਚਦੀ ਹੈ। ਇਸ ਬੋਲੀ ਦਾ ਭਾਵ ਕਿਸਾਨ ਦੇ ਇਸੇ ਪੱਖ ਨੂੰ ਰੂਪਮਾਨ ਕਰਦਾ ਹੈ:

ਹਾੜ੍ਹੀ ਵੱਢੂੰਗੀ ਬਰੋਬਰ ਤੇਰੇ
ਦਾਤੀ ਨੂੰ ਲਵਾ ਦੇ ਘੁੰਗਰੂ

ਕਿਸਾਨੀ ਜੀਵਨ ਵਿੱਚ ਪਾਏ ਸੁਆਣੀ ਦੇ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ, ਬਲਕਿ ਕਈ ਵਾਰ ਤਾਂ ਉਸ ਦੇ ਸਹਿਯੋਗ ਦਾ ਪੱਲੜਾ ਪਤੀ ਤੋਂ ਵੀ ਭਾਰਾ ਹੋ ਜਾਂਦਾ ਹੈ, ਜਦੋਂ ਉਹ ਘਰ ਪਰਵਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੀ ਹੋਈ ਵੀ ਪਤੀ ਦੇ ਕੰਮਾਂ ਵਿੱਚ ਬਰਾਬਰ ਦੀ ਭਾਈਵਾਲ ਬਣਦੀ ਹੈ। ਪਹਿਲੀ ਨਜ਼ਰੇ ਵੇਖਦਿਆਂ ਉਪਰੋਕਤ ਬੋਲੀ ਭਾਵੇਂ ਪਤਨੀ ਵੱਲੋਂ ਪਤੀ ਦੇ ਕੰਮਾਂ ਵਿੱਚ ਹੱਥ ਵਟਾਉਣ ਦੀ ਗੱਲ ਕਰਦੀ ਪ੍ਰਤੀਤ ਹੁੰਦੀ ਹੈ, ਪਰ ਰਤਾ ਗਹੁ ਨਾਲ ਵਾਚਦਿਆਂ ਇਸ ਦੇ ਕਈ ਹੋਰ ਛੁਪੇ ਪੱਖ ਵੀ ਜ਼ਾਹਰ ਹੁੰਦੇ ਹਨ। ਜਿਵੇਂ ਰੁਝੇਵਿਆਂ ਕਾਰਨ ਪਤੀ ਪਤਨੀ ਦੀ ਆਪਸੀ ਦੂਰੀ ਨੂੰ ਦੂਰ ਕਰਨ ਦਾ ਯਤਨ। ਉਹ ਪਤੀ ਦੇ ਬਰਾਬਰ ਹਾੜ੍ਹੀ ਵੱਢ ਕੇ ਉਸ ਦਾ ਸਹਾਰਾ ਬਣਨ ਦੇ ਨਾਲ-ਨਾਲ ਉਸ ਦਾ ਸਾਥ ਵੀ ਮਾਣਨਾ ਚਾਹੁੰਦੀ ਹੈ। ਇਸੇ ਭਾਵਨਾ ਦੀ ਤਰਜਮਾਨੀ ਇਕ ਲੋਕ ਬੋਲੀ ਇੰਜ ਕਰਦੀ ਹੈ:

ਉਥੇ ਲੈ ਚੱਲ ਚਰਖਾ ਮੇਰਾ
ਵੇ ਜਿੱਥੇ ਤੇਰੇ ਹਲ ਵਗਦੇ

ਇਹ ਬੋਲੀ ਵੀ ਇਕਲਾਪੇ ਦੇ ਖਾਤਮੇ ਅਤੇ ਮਿਲਾਪੜੇ ਪਲਾਂ ਦੀ ਤਾਂਘ ਬਿਆਨ ਕਰਦੀ ਹੈ। ਦੂਸਰਾ ਭਾਵ ਹੈ ਕਿ ਉਹ ਮੋਹ ਪ੍ਰੇਮ ਦੀਆਂ ਬਾਤਾਂ ਸੰਗ, ਕਣਕ ਦੀਆਂ ਬੱਲੀਆਂ ਦੀ ਛਣਕਾਰ ਅਤੇ ਦਾਤੀ ਦੇ ਘੁੰਗਰੂਆਂ ਦੀ ਟੁਣਕਾਰ ਨੂੰ ਇਕਸੁਰ ਕਰਕੇ ਰੁਮਾਂਚਕ ਮਾਹੌਲ ਸਿਰਜਣਾ ਚਾਹੁੰਦੀ ਹੈ। ਜਿਥੇ ਉਸ ਦੇ ਘਰ ਵਾਲੇ ਦਾ ਉਦਾਸੀਨ ਰਵੱਈਆ ਬਦਲ ਸਕੇ ਅਤੇ ਉਹ ਕੁਝ ਪਲ ਜ਼ਿੰਦਗੀ ਦੀ ਰੰਗੀਨੀ ਮਾਣ ਸਕੇ। ਤੀਸਰਾ ਪੱਖ ਇਹ ਉਜਾਗਰ ਹੁੰਦਾ ਹੈ ਕਿ ਪਤਨ ਪਤੀ ਦੀ ਸਹੀ ਮਾਅਨਿਆਂ ਵਿੱਚ ਅਰਧਾਂਗਣੀ ਹੋਣ ਦਾ ਸਬੂਤ ਦਿੰਦੀ ਹੈ ਕਿ ਉਹ ਉਸ ਦੇ ਹਰ ਦੁਖ ਸੁੱਖ ਤੇ ਕੰਮ ਧੰਦੇ ਵਿੱਚ ਬਰਾਬਰ ਦੀ ਭਾਈਵਾਲ ਹੈ। ਚੌਥਾ ਉਹ ਆਪਣੀ ਹੋਂਦ ਪਤੀ ਨੂੰ ਦੱਸਣਾ ਚਾਹੁੰਦੀ ਹੈ ਕਿ ਉਹ ਕੁਝ ਸਮਾਂ ਉਸ ਲਈ ਵੀ ਕੱਢੇ। ਪੰਜਵਾਂ ਇਹ ਬੋਲੀ ਪਤਨੀ ਦੇ ਸੱਜ ਵਿਆਹੀ ਹੋਣ ਦਾ ਭਾਵ ਸਿਰਜਦੀ ਹੈ ਕਿ ਉਸ ਦੀਆਂ ਸੱਧਰਾਂ ਅਜੇ ਜਵਾਨ ਹਨ। ਛੇਵਾਂ ਬੋਲੀ ਤੋਂ ਉਸ ਦੇ ਸੁਡੌਲ ਜਿਸਮ ਅਤੇ ਤੰਦਰੁਸਤ ਸਰੀਰ ਦੀ ਪੁਸ਼ਟੀ ਹੁੰਦੀ ਹੈ ਕਿ ਉਹ ਮਰਦਾਊ ਮੰਨੇ ਜਾਂਦੇ ਕੰਮ ਕਰਨ ਲਈ ਵੀ ਤਤਪਰ ਹੈ। ਉਹ ਮਰਦ ਤੋਂ ਕਿਸੇ ਪੱਖ ਤੋਂ ਕਮਜ਼ੋਰ ਨਹੀਂ। ਸੱਤਵਾਂ ਭਾਵ ਉਸ ਦੀ ਹਿੰਮਤ ਅਤੇ ਹੌਸਲੇ ਨੂੰ ਦਾਦ ਦੇਣੀ ਬਣਦੀ ਹੈ ਕਿ ਘਰੇਲੂ ਜ਼ਿੰਮੇਵਾਰੀਆਂ ਦੇ ਬਾਵਜੂਦ ਉਸ ਦਾ ਨਿਸ਼ਠਾ ਕਿੰਨਾ ਕਾਇਮ ਹੈ ਅਤੇ ਹੌਸਲਾ ਕਿੰਨਾ ਬੁਲੰਦ ਹੈ। ਹੌਸਲੇ ਦੇ ਪੱਖ ਤੋਂ ਔਰਤ ਕਈ ਵਾਰ ਮਰਦ ਤੋਂ ਅੱਗੇ ਲੰਘ ਜਾਂਦੀ ਹੈ ਜਿਸ ਦੀ ਸ਼ਾਹਦੀ ਇਹ ਲੋਕ ਬੋਲੀ ਇੰਜ ਭਰਦੀ ਹੈ:

ਮਾਪੇ ਤੇਰਿਆਂ ਨੇ ਅੱਡ ਕਰ ਦਿੱਤਾ, ਦੇ ਕੇ ਗਿੱਠ ਬਨੇਰਾ।
ਵੇ ਕਿਉਂ ਫਿਕਰ ਕਰੇਂ, ਵੇਖ ਹੌਸਲਾ ਮੇਰਾ।

ਅੱਠਵਾਂ ਪੱਖ ਹੈ ਕਿ ਸੁਆਣੀ ਨੂੰ ਕਣਕ ਘਰ ਆਉਣ ਦੀ ਖੁਮਾਰੀ ਚੜ੍ਹੀ ਹੋਈ ਹੈ ਕਿਉਂਕਿ ਖੇਤਾਂ ਵਿੱਚ ਛਣਕਦੀਆਂ ਬੱਲੀਆਂ ਨੂੰ ਵੇਖ ਕੇ ਉਸ ਨੂੰ ਉਨ੍ਹਾਂ ਵਿੱਚੋਂ ਸੋਨੇ ਦੇ ਗਹਿਣਿਆਂ ਦੀ ਛਣਕਾਰ ਸੁਣਾਈ ਦਿੰਦੀ ਹੈ। ਨੌਵਾਂ ਪੱਖ ਇਹ ਕਿ ਚੇਤ ਵਿਸਾਖ ਸਾਲ ਦੇ ਪਹਿਲੇ ਮਹੀਨੇ ਹੋਣ ਕਰਕੇ ਸਾਲ ਭਰ ਦੇ ਖਰਚ ਦਾ ਬੰਦੋਬਸਤ ਫਸਲੀ ਮੁਨਾਫਿਆਂ ਦੁਆਲੇ ਘੁੰਮਦਾ ਹੈ। ਪਰਵਾਰਕ ਮੈਂਬਰਾਂ ਦੀਆਂ ਸੱਧਰਾਂ ਉਮੰਗਾਂ ਤੇ ਧੀਆਂ ਪੁੱਤਰਾਂ ਦੇ ਰਿਸ਼ਤੇ ਨਾਤੇ ਸਭ ਫਸਲਾਂ ਦੇ ਮੁਨਾਫਿਆਂ ਉਤੇ ਹੀ ਨਿਰਭਰ ਕਰਦੇ ਹਨ। ਦਸਵਾਂ ਇਹ ਕਿ ਉਹ ਬਰਾਬਰ ਦਾ ਕੰਮ ਕਰਕੇ ਬਰਾਬਰ ਹੱਕ ਮੰਗਣ ਦੇ ਯੋਗ ਹੋਣਾ ਚਾਹੁੰਦੀ ਹੈ ਕਿ ਕੱਲ੍ਹ ਨੂੰ ਕਿਤੇ ਉਸ ਦੀਆਂ ਸੱਧਰਾਂ 'ਤੇ ਪਾਣੀ ਨਾ ਫਿਰ ਜਾਵੇ ਜਾਂ ਇਸ ਬੋਲੀ ਵਾਂਗ ਕੁਝ ਹੋਰ ਹੀ ਨਾ ਵਾਪਰ ਜਾਵੇ:

ਆਪ ਤਾਂ ਮੁੰਡੇ ਨੇ ਕੈਂਠਾ ਘੜਵਾ ਲਿਆ,
ਮੈਨੂੰ ਨਾ ਘੜਵਾਈ ਸੱਗੀ ਮੁੰਡਿਆ।
ਵੇ ਤੂੰ ਦਿਲ ਵਿੱਚ ਰੱਖਦੈਂ ਠੱਗੀ ਮੁੰਡਿਆ।

ਜਾਂ ਫਿਰ ਉਹ ਇਸ ਉਲਾਂਭੇ ਜੋਗੀ ਹੀ ਨਾ ਰਹਿ ਜਾਵੇ:

ਡੰਡੀਆਂ ਤੋਂ ਬਿਨਾਂ ਮੇਰੇ ਕੰਨ ਸੱਖਣੇ,
ਹਾੜ੍ਹੀ ਵੱਢ ਕੇ ਵੇਚ ਤੀ ਸਾਰੀ।

ਇਨ੍ਹਾਂ ਤੋਂ ਇਲਾਵਾ ਪੰਜਾਬੀ ਸੱਭਿਆਚਾਰ ਨੂੰ ਸਾਂਭੀ ਬੈਠੇ ਹੋਰ ਵੀ ਅਨੇਕਾਂ ਪੱਖ ਰੂਪਮਾਨ ਹੋ ਸਕਦੇ ਹਨ। ਅਜੋਕੇ ਤਕਨੀਕੀ ਯੁੱਗ ਵਿੱਚ ਭਾਵੇਂ ਕਿਸਾਨੀ ਦੇ ਸਾਰੇ ਕੰਮਾਂ ਦਾ ਮਸ਼ੀਨੀਕਰਨ ਹੋ ਗਿਆ ਹੈ, ਪਰ ਸਾਡੀਆਂ ਇਹ ਲੋਕ ਬੋਲੀਆਂ ਸਾਡੇ ਅਮੀਰ ਸੱਭਿਆਚਾਰ ਦੀ ਝਾਕੀ ਹੂ-ਬ-ਹੂ ਸਾਢੇ ਸਾਹਵੇਂ ਕਰ ਜਾਂਦੀਆਂ ਹਨ। ਕਿਤੇ ਨਾ ਕਿਤੇ ਅੱਜ ਵੀ ਇਸ ਬੋਲੀ ਵਿੱਚ ਸਿਰਜੇ ਮਾਹੌਲ ਦੇ ਦਰਸ਼ਨ ਜ਼ਰੂਰ ਹੁੰਦੇ ਹਨ।

ਸ਼ਾਲਾ!
ਕਣਕਾਂ ਦੇ ਬੋਹਲ ਲੱਗਦੇ ਰਹਿਣ,
ਦਾਤੀ ਨੂੰ ਘੁੰਗਰੂ ਲੱਗਦੇ ਰਹਿਣ!!

## ਅਸੀਸਾਂ ਦੀ ਨਦੀ

–ਲਾਲ ਚੰਦ ਸਿਰਸੀਵਾਲਾ

ਦਸਾਂ ਕੁ ਸਾਲ ਦਾ ਬੱਚਾ ਕਦੇ ਆਪਣੀ ਮੰਮੀ ਨਾਲ, ਕਦੇ ਆਪਣੇ ਦਾਦੇ ਨਾਲ ਸਵੇਰੇ-ਸਵੇਰੇ ਸੈਰ ਕਰਨ ਆਉਂਦਾ। ਜਿਸ ਦਿਨ ਉਹ ਦਾਦੇ ਨਾਲ ਹੁੰਦਾ ਤਾਂ ਉਹ ਉਸ ਤੋਂ ਅੱਗੇ ਭੱਜ-ਭੱਜ ਕੇ ਸੜਕ ਤੋਂ ਡੱਕੇ, ਰੋੜੇ, ਕਿੱਲ, ਪੱਤੀ ਆਦਿ ਚੁੱਕ ਕੇ ਪਰੇ ਕਰ ਦਿੰਦਾ। ਮੰਮੀ ਨਾਲ ਹੁੰਦਾ ਤਾਂ ਆਨੇ ਬਹਾਨੇ ਪਿੱਛੇ ਰਹਿ ਕੇ ਇਹੋ ਕੰਮ ਕਰਦਾ। ਜਦੋਂ ਉਸ ਦੀ ਮੰਮੀ ਪਿੱਛੇ ਉਸ ਨੂੰ ਦੇਖਦੀ ਤਾਂ 'ਕੁਛ ਨ੍ਹੀਂ ਕੀਤਾ' ਵਰਗੀ ਐਕਟਿੰਗ ਕਰਦਾ। ਇਕ ਦਿਨ ਦਾਦੇ ਨਾਲ ਜਾਂਦੇ ਨੂੰ ਮੈਂ ਪੁੱਛ ਲਿਆ, 'ਪੁੱਤਰ, ਇਹ ਕੰਮ ਤਾਂ ਬਹੁਤ ਚੰਗੈ, ਕਿੱਥੋਂ ਸਿੱਖਿਆ? ਨਾਲੇ ਮੰਮੀ ਤੋਂ ਚੋਰੀ ਕਿਉਂ ਕਰਦੈਂ?' ਬੱਚੇ ਦਾ ਉਤਰ ਸੀ, 'ਅੰਕਲ ਜੀ, ਇਕ ਫਿਲਮ ਵਿੱਚ ਭਗਤ ਪੂਰਨ ਸਿੰਘ ਇਉਂ ਰੋੜੇ ਚੁੱਕਦੇ ਸਨ ਤਾਂ ਕਿ ਲੋਕਾਂ ਦੇ ਪੈਰਾਂ 'ਚ ਨਾ ਲੱਗਣ। ਮੈਨੂੰ ਇੰਜ ਕਰਕੇ ਖੁਸ਼ੀ ਮਿਲਦੀ ਐ, ਪਰ ਮੰਮੀ ਮੈਨੂੰ ਇੰਜ ਕਰਨ ਨਹੀਂ ਦਿੰਦੇ, ਘੂਰਦੇ ਨੇ, ਬੱਸ ਤਾਂ ਕਰਕੇ।'

ਬੱਚੇ ਦਾ ਜੁਆਬ ਸੁਣਦਿਆਂ ਸਾਰ ਮੈਂ ਆਪਣੇ ਖੂਬਸੂਰਤ ਅਤੀਤ ਵਿੱਚ ਗੁਆਚ ਗਿਆ। ਕੋਰਸ ਕਰਨ ਲਈ ਵੱਡੇ ਸ਼ਹਿਰ ਜਾਣਾ ਸੀ ਤਾਂ ਬੇਬੇ ਨੇ ਕਿਹਾ ਸੀ, 'ਪੁੱਤ, ਮਿਹਨਤ ਕਰੀਂ। ਘਰੋਂ ਬਾਹਰ ਰਹਿ ਕੇ ਬੱਚੇ ਨਸ਼ਾ ਕਰਨ ਲੱਗ ਪੈਂਦੇ ਨੇ, ਬਚ ਕੇ ਰਹੀਂ। ਸਿਨਮੇ ਦੇ ਬਾਰ ਮੂਹਰੇ ਦੀ ਵੀ ਨਹੀਂ ਲੰਘਣਾ ਕਦੇ। ਸ਼ਹਿਰ ਵਿੱਚ ਆਪਣੇ ਰਿਸ਼ਤੇਦਾਰਾਂ ਦੇ ਜੁਆਕ ਫਿਲਮਾਂ ਦੇਖ ਕੇ ਵਿਗੜੇ ਨੇ।' ਮੈਂ ਸੱਤ ਬਚਨ ਕਹਿ ਕੇ ਚਲਾ ਗਿਆ। ਕੋਰਸ ਦੌਰਾਨ ਬੇਬੇ ਦੀ ਕਹੀ ਗੱਲ ਯਾਦ ਰੱਖੀ। ਕੋਰਸ ਤੋਂ ਬਾਅਦ ਇੰਟਰਵਿਊ ਹੋਈ ਅਤੇ ਨੌਕਰੀ ਦੀ ਚਿੱਠੀ ਦੀ ਉਡੀਕ ਹੋਣ ਲੱਗ ਪਈ। ਮੇਰੇ ਨਾਲ ਪੜ੍ਹਦੇ ਦੋਸਤ ਦਾ ਪਿਤਾ ਪੋਸਟ ਮਾਸਟਰ ਸੀ। ਮੈਂ ਉਨ੍ਹਾਂ ਨੂੰ ਚਿੱਠੀ ਦਾ ਖਿਆਲ ਰੱਖਣ ਲਈ ਬੇਨਤੀ ਕੀਤੀ, ਤੇ ਫਿਰ ਇਕ ਸ਼ਨਿੱਚਰਵਾਰ ਨੌਕਰੀ ਦੇ ਹੁਕਮਾਂ ਵਾਲੀ ਚਿੱਠੀ ਡਾਕਖਾਨੇ ਪਹੁੰਚ ਗਈ। ਐਤਵਾਰ ਸਵੇਰੇ-ਸਵੇਰੇ ਮੇਰਾ ਦੋਸਤ ਖੁਦ ਚਿੱਠੀ ਲੈ ਕੇ ਆਣ ਪੁੱਜਾ।

ਗਰੀਬ ਘਰ 'ਚ ਸਰਕਾਰੀ ਨੌਕਰੀ ਦੀ ਚਿੱਠੀ ਦਾ ਚਾਅ ਘਰ ਦੇ ਕਿਸੇ ਵੀ ਜੀਅ ਤੋਂ ਚੁੱਕਿਆ ਨਹੀਂ ਸੀ ਜਾ ਰਿਹਾ। ਬਾਪੂ ਨੇ 50 ਦਾ ਨੋਟ ਦਿੰਦਿਆਂ ਕਿਹਾ, 'ਪੁੱਤਰਾ, ਆਪਣੇ ਦੋਸਤ ਨੂੰ ਮਾਨਸਾ ਲੈ ਜਾ, ਬਹੁਤ ਚੰਗਾ ਸੁਨੇਹਾ ਲੈ ਕੇ ਆਇਐ, ਮੂੰਹ ਮਿੱਠਾ ਕਰਵਾ ਲਿਆ।' ਪੰਜਾਹਾਂ ਦਾ ਨੋਟ ਜੇਬ 'ਚ ਪਿਆ ਸਾਨੂੰ ਬਹੁਤ ਅਮੀਰ ਹੋਣ ਦਾ ਅਹਿਸਾਸ ਕਰਨਾ ਰਿਹਾ ਸੀ। ਅਸੀਂ ਦੋਵਾਂ ਨੇ ਪ੍ਰੋਗਰਾਮ ਬਣਾਇਆ ਕਿ ਦੋ ਦੋ ਪੈਗ ਲਾ ਕੇ ਫਿਲਮ ਦੇਖਾਂਗੇ, ਪਰ ਅਸੀਂ ਪਹਿਲਾਂ ਕਦੇ ਸ਼ਰਾਬ ਦਾ ਸਵਾਦ ਨਹੀਂ ਸੀ ਚਖਿਆ, ਡਰ ਸੀ ਕਿ ਪਹਿਲੀ ਵਾਰ ਕਿਤੇ ਕੁਝ ਹੋ ਨਾ ਜਾਵੇ। ਅਸੀਂ ਪ੍ਰੋਗਰਾਮ ਬਦਲ ਦਿੱਤਾ, ਪਹਿਲਾਂ ਫਿਲਮ ਤੇ ਫਿਰ ਸ਼ਰਾਬ ਦੀ ਸਲਾਹ ਬਣਾ ਕੇ ਟਿਕਟਾਂ ਲੈ ਕੇ ਸਿਨਮੇ ਜਾ ਵੜੇ। ਉਹ ਸ਼ਹਿਰੀ ਹੋਣ ਕਾਰਨ ਪਹਿਲਾਂ ਸਿਨਮਾ ਵੇਖ ਚੁੱਕਾ ਸੀ, ਪਰ ਮੇਰੇ ਵਾਸਤੇ ਇਹ ਨਵੇਂ ਯੁੱਗ ਦੀ ਸ਼ੁਰਆਤ ਸੀ। ਫਿਲਮ ਸ਼ੁਰੂ ਹੋਈ, ਪੂਰੀ ਫਿਲਮ ਦੇਖਦਿਆਂ ਅਸੀਂ ਇਕ ਦੂਜੇ ਨਾਲ ਅੱਖਾਂ ਨਾ ਮਿਲਾ ਸਕੇ, ਕਿਉਂਕਿ ਉਸ ਫਿਲਮ ਦੇ ਸ਼ਰਾਬ ਪੀਣ ਵਾਲੇ ਪਾਤਰਾਂ ਦੇ ਘਰ ਲੜਾਈ, ਝਗੜੇ, ਬਰਬਾਦੀ ਤੇ ਅਖੀਰ ਵਿੱਚ ਮੌਤ! ਇਹ ਫਿਲਮ ਸੀ 'ਸਰਪੰਚ'।

ਪੂਰੀ ਫਿਲਮ ਦੇਖ ਕੇ ਬਾਹਰ ਨਿਕਲੇ, ਇਕ ਦੂਜੇ ਨਾਲ ਅੱਖਾਂ ਮਿਲੀਆਂ। ਨਜ਼ਰਾਂ ਇਹ ਕਹਿੰਦੀਆਂ ਜਾਪਦੀਆਂ ਸਨ, 'ਤੂੰ ਪੀਣੀ ਐ ਤਾਂ ਪੀ ਲੈ, ਮੈਂ ਨਹੀਂ ਪੀਣੀ।' ਫਿਰ ਅਸੀਂ ਮਠਿਆਈ ਦੀ ਦੁਕਾਨ 'ਤੇ ਗਏ। ਦੁੱਧ ਨਾਲ ਬਰਫੀ ਖਾਧੀ। ਇਕ ਦੂਜੇ ਨਾਲ ਜ਼ਿੰਦਗੀ ਭਰ ਸ਼ਰਾਬ ਨਾ ਪੀਣ ਦਾ ਵਾਅਦਾ ਕਰਕੇ ਬੱਸ 'ਚ ਬੈਠ ਗਏ।

ਆਪਣੇ ਇਸ ਅਤੀਤ ਵਿੱਚੋਂ ਬਾਹਰ ਨਿਕਲਿਆ ਤਾਂ ਬੱਚਾ ਅਤੇ ਉਸ ਦਾ ਦਾਦਾ ਦੂਰ ਨਿਕਲ ਚੁੱਕੇ ਸਨ। ਪ੍ਰੇਰਨਾ ਮਈ ਪਲਾਂ ਵਿੱਚੋਂ ਲੰਘਦਿਆਂ ਦਿਲ 'ਚੋਂ ਬੱਚੇ ਲਈ ਅਸੀਸਾਂ ਦੀਆਂ ਨਦੀਆਂ ਵਗਣ ਲੱਗ ਪਈਆਂ।



# ਗੁੜ ਨਾਲੋਂ ਮਿੱਠੀਆਂ ਯਾਦਾਂ

–ਡਾ. ਅੰਮਿਤ ਅਦਲੱਖਾ

ਸਿਹਤ ਵਿਭਾਗ ਵਿੱਚ ਸਰਕਾਰੀ ਨੌਕਰੀ ਕਰਦਿਆਂ ਜੇ ਤੁਸੀਂ ਐਮ ਬੀ ਬੀ ਐਸ ਤੋਂ ਬਾਅਦ ਪੋਸਟ ਗ੍ਰੈਜੁਏਸ਼ਨ ਕਰਨਾ ਚਾਹੁੰਦੇ ਹੋ ਤਾਂ ਜ਼ਰੂਰੀ ਹੈ ਕਿ ਤੁਸਾਂ ਦੋ ਤਿਨ ਸਾਲ ਪਿੰਡਾਂ ਵਿੱਚ ਨੌਕਰੀ ਕੀਤੀ ਹੋਵੇ। ਇਸੇ ਨੂੰ ਮੁੱਖ ਰੱਖਦਿਆਂ ਕਈ ਸਾਲ ਪਹਿਲਾਂ ਮੇਰੀ ਪਹਿਲੀ ਨਿਯੁਕਤੀ ਕੇਨਾਲ ਡਿਸਪੈਂਸਰੀ ਤਾਜੇਵਾਲਾ ਹੈਡ ਵਰਕਸ 'ਤੇ ਹੋਈ। ਤਾਜੇਵਾਲਾ ਯਮੁਨਾ ਨਗਰ ਤੇ ਪਾਉਂਟਾ ਸਾਹਿਬ ਦੀ ਸੜਕ 'ਤੇ ਅੱਧ ਵਿਚਕਾਰ ਹੈ। ਡਿਸਪੈਂਸਰੀ ਦਰਿਆ ਕੰਢੇ ਸੀ ਤੇ ਆਸ ਪਾਸ ਦਰਿਆ, ਨਹਿਰਾਂ, ਪਹਾੜ ਦਿਸਦੇ ਸਨ। ਬਹੁਤ ਮਨਮੋਹਕ ਨਜ਼ਾਰਾ ਸੀ। ਜਦੋਂ ਵੀ ਛੁੱਟੀ ਹੁੰਦੀ, ਪਾਉਂਟਾ ਸਾਹਿਬ ਅਤੇ ਕਲੇਸਰ ਦੇ ਜੰਗਲਾਂ ਦੀ ਸੈਰ ਨੂੰ ਨਿਕਲ ਜਾਂਦਾ ਸੀ। ਕਲੇਸਰ ਜੰਗਲ ਅੱਜ ਕੱਲ੍ਹ ਜੰਗਲੀ ਜਾਨਵਰਾਂ ਦੀ ਰਾਖਵੀ ਥਾਂ ਬਣਿਆ ਹੋਇਆ ਹੈ।

ਇਕ ਦਿਨ ਮੈਂ ਮਰੀਜ਼ ਵੇਖ ਰਿਹਾ ਸੀ ਕਿ ਇਕ ਓਵਰਸੀਅਰ ਨਿੱਕੇ ਜਿਹੇ ਕੁੱਤੇ ਨੂੰ ਝੋਲੀ ਚੁੱਕੀ ਆਇਆ ਅਤੇ ਕਹਿਣ ਲੱਗਾ, 'ਇਹ ਕੁੱਤਾ ਸਾਡੇ ਐਕਸੀਅਨ ਸਾਹਿਬ ਦਾ ਹੈ। ਇਸ ਦਾ ਪੇਟ ਖਰਾਬ ਹੈ। ਇਸ ਦਾ ਇਲਾਜ ਕਰ ਦਿਉ।' ਮੈਨੂੰ ਅੰਦਾਜ਼ਾ ਸੀ ਕਿ ਜਾਨਵਰਾਂ ਤੇ ਬੰਦਿਆਂ ਦੀਆਂ ਦਵਾਈਆਂ ਲਗਭਗ ਇਕੋ ਜਿਹੀਆਂ ਹੁੰਦੀਆਂ ਹਨ। ਸਿਰਫ ਦਵਾਈ ਦੀ ਮਿਕਦਾਰ ਦਾ ਫਰਕ ਹੁੰਦਾ ਹੈ। ਮੈਂ ਕੁੱਤੇ ਵਾਸਤੇ ਦਵਾਈ ਦੇ ਦਿੱਤੀ ਅਤੇ ਸ਼ਾਮ ਤੱਕ ਉਹ ਠੀਕ ਹੋ ਗਿਆ। ਕੁਝ ਦਿਨ ਬੀਤੇ, ਇਕ ਹੋਰ ਬੰਦਾ ਇਲਾਜ ਵਾਸਤੇ ਕੁੱਤਾ ਲੈ ਕੇ ਆ ਗਿਆ। ਮੈਂ ਸ਼ਸ਼ੋਪੰਜ ਵਿੱਚ ਪੈ ਗਿਆ ਕਿ ਜੇ ਇਸ ਦਾ ਵੀ ਇਲਾਜ ਕਰ ਦਿੱਤਾ ਤਾਂ ਮੇਰੇ ਹਸਪਤਾਲ ਵਿੱਚ ਕੁੱਤੇ ਬਿੱਲੀਆਂ ਤੇ ਹੋਰ ਡੰਗਰ ਆਇਆ ਕਰਨਗੇ। ਮੈਂ ਬੰਦਿਆਂ ਦਾ ਡਾਕਟਰ ਘੱਟ ਤੇ ਜਾਨਵਰਾਂ ਦਾ ਡਾਕਟਰ ਵੱਧ ਬਣ ਜਾਵਾਂਗਾ। ਜਾਨ ਫਿਰ ਵੀ ਜਾਨ ਹੁੰਦੀ ਹੈ। ਬੰਦੇ ਦੀ ਹੋਵੇ ਜਾਂ ਜਾਨਵਰ ਦੀ। ਮੈਂ ਉਸ ਬੰਦੇ ਤੋਂ ਇਹ ਵਾਅਦਾ ਲਿਆ ਕਿ ਕਿਸੇ ਨੂੰ ਨਹੀਂ ਦੱਸੇਗਾ ਕਿ ਕੁੱਤੇ ਦਾ ਇਲਾਜ ਉਸ ਨੇ ਕੀਤਾ ਹੈ। ਨਾ ਹੀ ਕੋਈ ਜਾਨਵਰ ਇਲਾਜ ਵਾਸਤੇ ਘੱਲੇਗਾ। ਇਹ ਵਾਅਦਾ ਲੈ ਕੇ ਮੈਂ ਉਸ ਨੂੰ ਦਵਾਈ ਲਿਖ ਦਿੱਤੀ।

ਯਮੁਨਾ ਦਰਿਆ ਪਾਰ ਯੂ ਪੀ ਦੇ ਪਿੰਡ ਸਨ। ਦਰਿਆ ਵਿੱਚ ਪਾਣੀ ਘੱਟ ਹੋਣ 'ਤੇ ਪਿੰਡਾਂ ਦੇ ਲੋਕ ਮੇਰੀ ਡਿਸਪੈਂਸਰੀ ਵਿੱਚ ਦਵਾਈ ਲੈਣ ਆ ਜਾਂਦੇ ਸਨ, ਕਿਉਂਕਿ ਇਹ ਆਮ ਜਨਤਾ ਲਈ ਵੀ ਖੁੱਲ੍ਹੀ ਸੀ। ਇਕ ਦਿਨ ਇਕ ਮੁਸਲਮਾਨ ਔਰਤ ਦਵਾਈ ਲੈਣ ਆਈ ਅਤੇ ਉਰਦੂ ਵਿੱਚ ਆਖਣ ਲੱਗੀ, 'ਡਾਕਟਰ ਸਾਹਿਬ, ਹਮ ਨੇ ਆਪਕੀ ਰੁਸਵਾਈ (ਬਦਨਾਮੀ) ਬਹੁਤ ਸੁਨੀ ਹੈ। ਇਸ ਲੀਯੇ ਆਪਕੇ ਪਾਸ ਇਲਾਜ ਕੇ ਲਈ ਆਈ ਹੂੰ। ਕੋਈ ਅੱਛੀ ਦਵਾ ਦੇ ਕੇ ਰਾਜੀ ਕਰ ਦੋ।' ਮੇਰਾ ਰੰਗ ਉਡ ਗਿਆ ਕਿ ਮੈਂ ਇਹੋ ਜਿਹੀ ਕਿਹੜੀ ਹਰਕਤ ਕਰ ਬੈਠਾਂ, ਜਿਸ ਕਰਕੇ ਮੇਰੀ ਦੂਰ-ਦੂਰ ਤੱਕ ਰੁਸਵਾਈ ਹੋ ਗਈ। ਮੈਂ ਉਸ ਨੂੰ ਉਰਦੂ ਵਿੱਚ ਪੁੱਛਿਆ, 'ਮੋਹਤਰਮਾ ਯਹ ਬਤਾਓ ਕਿ ਮੈਨੇ ਕਯਾ ਕੀਆ ਹੈ।' ਉਹ ਕਹਿਣ ਲੱਗੀ, 'ਡਾਕਟਰ ਸਾਹਿਬ ਆਪਕੇ ਇਲਾਜ ਸੇ ਹਮਾਰੇ ਇਲਾਕੇ ਕੇ ਕਈ ਮਰੀਜ਼ ਠੀਕ ਹੋ ਗਏ ਹੈ ਇਸ ਲੀਯੇ ਆਪਕੀ ਰੁਸਵਾਈ ਫੈਲ ਗਈ ਹੈ।'

ਮੈਂ ਸਮਝ ਗਿਆ ਕਿ ਇਹ ਔਰਤ ਕਹਿਣਾ ਤਾਂ ਮਸ਼ਹੂਰੀ ਚਾਹੁੰਦੀ ਏ ਪਰ ਗਲਤੀ ਨਾਲ ਉਸ ਦਾ ਉਲਟ ਰੁਸਵਾਈ ਕਹਿ ਰਹੀ ਹੈ। ਮੈਂ ਉਸ ਨੂੰ ਦਵਾਈ ਦੇ ਕੇ ਤੋਰ ਦਿੱਤਾ।

ਤਾਜੇਵਾਲਾ ਤੋਂ ਇਕ ਸਾਲ ਬਾਅਦ 1965 ਵਿੱਚ ਮੇਰੀ ਬਦਲੀ ਕਰਨਾਲ ਨੇੜੇ ਮਸ਼ਹੂਰ ਕਸਬਾ ਤਰਾਵੜੀ ਵਿੱਚ ਹੋਈ, ਜੋ ਬਹੁਤ ਵੱਡੀ ਚੌਲਾਂ ਦੀ ਮੰਡੀ ਹੈ ਤੇ ਉਥੇ ਰੇਲਵੇ ਸਟੇਸ਼ਨ ਵੀ ਹੈ। ਇਹ ਇਕ ਪ੍ਰਾਚੀਨ ਕਸਬਾ ਹੈ ਅਤੇ ਇਤਿਹਾਸ ਵਿੱਚ ਇਸ ਦਾ ਨਾਂ ਰਾਜਾ ਪ੍ਰਿਥਵੀਰਾਜ ਚੌਹਾਨ ਨਾਲ ਜੁੜਿਆ ਹੋਇਆ ਹੈ। ਦੋ ਕਮਰਿਆਂ ਦੀ ਡਿਸਪੈਂਸਰੀ ਪਿੰਡ ਵਿੱਚ ਬਣੀ ਹੋਈ ਸੀ। ਵਿੱਚੇ ਹੀ ਡਾਕਟਰ ਤੇ ਕੰਪਾਊਡਰ ਦੇ ਕੁਆਰਟਰ ਸਨ। ਕੋਈ ਵਾਰਡ ਨਹੀਂ ਸੀ, ਇਸ ਕਰਕੇ ਮਰੀਜ਼ਾਂ ਨੂੰ ਦਾਖਲ ਕਰਕੇ ਇਲਾਜ ਨਹੀਂ ਕੀਤਾ ਜਾਂਦਾ ਸੀ। ਇਲਾਕੇ ਦੇ ਲੋਕ ਚੰਗੇ ਸਨ। ਡਿਸਪੈਂਸਰੀ ਵਿੱਚ ਵਾਰਡ ਦੀ ਘਾਟ ਬਾਰੇ ਮੈਂ ਉਥੋਂ ਦੇ ਇਕ ਵਪਾਰੀ ਨਾਲ ਗੱਲ ਕੀਤੀ। ਉਸ ਨੇ ਡਿਸਪੈਂਸਰੀ ਵਿੱਚ ਵਾਰਡ ਬਣਵਾ ਦਿੱਤਾ, ਨਾਲ ਹੀ ਮਰੀਜ਼ਾਂ ਦੀ ਵਰਤੋਂ ਵਾਸਤੇ ਬਾਥਰੂਮ ਵੀ। ਪਾਣੀ ਲਈ ਇਕ ਬੰਬੀ ਲੁਆ ਦਿੱਤੀ। ਇਸ ਤਰ੍ਹਾਂ ਕੁਆਰਟਰਾਂ ਦੇ ਬਾਥਰੂਮ ਵਿੱਚ ਵੀ ਪਾਣੀ ਦਾ ਬੰਦੋਬਸਤ ਹੋ ਗਿਆ। ਇਹ ਸਾਰਾ ਕੰਮ ਕੁਝ ਹੀ ਮਹੀਨਿਆਂ ਵਿੱਚ ਹੋ ਗਿਆ। ਨਾ ਕੋਈ ਨਕਸ਼ਾ, ਨਾ ਵਿਖਾਵਾ, ਨਾ ਹੀ ਫੀਤੇ ਕੱਟਣ ਦੀ ਰਸਮ ਤੇ ਮਰੀਜ਼ਾਂ ਦੇ ਦਾਖਲੇ ਸ਼ੁਰੂ ਹੋ ਗਏ। ਵਾਰਡ ਕਰੀਬ ਭਰਿਆ ਰਹਿੰਦਾ ਸੀ।

ਡਿਸਪੈਂਸਰੀ 'ਚੋਂ ਨਿਕਲਦਿਆਂ ਹੀ ਇਕ ਮੁਹੱਲਾ ਆਉਂਦਾ ਸੀ, ਜਿਸ ਵਿੱਚ ਤਰਖਾਣ ਰਹਿੰਦੇ ਸਨ। ਗਲੀ ਦੇ ਦੋਵੇਂ ਪਾਸੇ ਮਕਾਨ ਸਨ ਐਨ ਵਿਚਕਾਰ ਨਾਲੀ ਵੱਗਦੀ ਸੀ। ਲੋਕੀਂ ਸ਼ਾਮ ਨੂੰ ਘਰ ਦੇ ਬਾਹਰ ਗਲੀ ਵਿੱਚ ਮੰਜੇ ਡਾਹ ਕੇ ਇਕ ਦੂਜੇ ਨਾਲ ਗੱਪਸ਼ੱਪ ਮਾਰਦੇ ਸਨ, ਪਰ ਗਲੀ ਦੇ ਬੱਚੇ ਆਮ ਤੌਰ 'ਤੇ ਬਿਮਾਰ ਰਹਿੰਦੇ ਸਨ। ਉਹ ਨਾਲੀ ਵਗਣ ਨਾਲ ਬਿਮਾਰੀਆਂ ਪੈਦਾ ਕਰਦੀ ਸੀ ਅਤੇ ਮੀਂਹ ਨਾਲ ਹੋਰ ਵੀ ਬੁਰਾ ਹਾਲ ਹੋ ਜਾਂਦਾ ਸੀ। ਇਕ ਦਿਨ ਸ਼ਾਮ ਨੂੰ ਮੈਂ ਉਥੋਂ ਲੰਘਦਿਆਂ ਇਕ ਬੰਦੇ ਦੇ ਮੰਜੇ 'ਤੇ ਬਹਿ ਗਿਆ। ਉਹ ਬੜਾ ਖੁਸ਼ ਹੋਇਆ ਅਤੇ ਮੇਰਾ ਹਾਲ ਚਾਲ ਪੁੱਛਣ ਲੱਗਾ। ਕੁਝ ਹੋਰ ਲੋਕ ਆ ਕੇ ਬਹਿ ਗਏ। ਮੈਂ ਉਨ੍ਹਾਂ ਦਾ ਧਿਆਨ ਗਲੀ ਵਿਚਾਲੇ ਵਗਦੀ ਨਾਲੀ ਵੱਲ ਦਿਵਾਇਆ ਤੇ ਦੱਸਿਆ ਕਿ ਇਹ ਉਨ੍ਹਾਂ ਦੇ ਬੱਚਿਆਂ ਦੀ ਬਿਮਾਰੀ ਦੀ ਜੜ੍ਹ ਹੈ। ਮੈਂ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਗਲੀ ਨੂੰ ਪੱਕਾ ਕਰ ਲਿਆ ਜਾਵੇ। ਉਨ੍ਹਾਂ ਇਕ ਵਾਰੀ ਵੀ ਨਹੀਂ ਕਿਹਾ ਕਿ ਇਹ ਕੰਮ ਸਰਕਾਰ ਜਾਂ ਪੰਚਾਇਤ ਦਾ ਹੈ ਅਤੇ ਥੋੜ੍ਹੇ ਦਿਨਾਂ ਵਿੱਚ ਰਲ ਮਿਲ ਕੇ ਪੱਕੀ ਕਰ ਲਈ। ਦੋਵਾਂ ਕਿਨਾਰਿਆਂ 'ਤੇ ਪੱਕੀਆਂ ਨਾਲੀਆਂ ਬਣਾ ਦਿੱਤੀਆਂ ਤੇ ਡਿਸਪੈਂਸਰੀ ਦਾ ਕੱਚਾ ਵਿਹੜਾ ਵੀ ਪੱਕਾ ਕਰ ਦਿੱਤਾ।

ਇਕ ਵਾਰੀ ਡਿਸਪੈਂਸਰੀ ਦੇ ਕੰਪਾਊਡਰ ਦੀ ਬਦਲੀ ਕਿਸੇ ਹੋਰ ਥਾਂ ਹੋ ਗਈ ਅਤੇ ਮੇਰੇ ਵਾਸਤੇ ਮੁਸ਼ਕਿਲ ਹੋ ਗਈ ਕਿਉਂ ਜੋ ਨਵੇਂ ਡਾਕਟਰ ਤੋਂ ਪੁਰਾਣੇ ਕੰਪਾਊਡਰ ਦਾ ਤਜਰਬਾ ਜ਼ਿਆਦਾ ਹੁੰਦਾ ਹੈ। ਮੈਂ ਉਥੋਂ ਦੇ ਸਰਪੰਚ ਨੂੰ ਮਿਲਿਆ ਅਤੇ ਕਿਹਾ ਕਿ ਕੰਪਾਊਡਰ ਦੀ ਬਦਲੀ ਰੁਕਵਾਈ ਜਾਵੇ। ਉਹ ਅਗਲੇ ਹੀ ਦਿਨ ਬੱਸ ਫੜ ਕੇ ਚੰਡੀਗੜ੍ਹ ਚਲਾ ਗਿਆ ਤੇ ਸ਼ਾਮ ਨੂੰ ਬਦਲੀ ਰੁਕਣ ਦੇ ਆਰਡਰ ਮੇਰੇ ਹੱਥ ਫੜਾ ਦਿੱਤੇ। ਉਨ੍ਹਾਂ ਨੇ ਆਉਣ ਜਾਣ ਦਾ ਖਰਚਾ ਲੈਣ ਤੋਂ ਵੀ ਇਨਕਾਰ ਕਰ ਦਿੱਤਾ।

ਸਮਾਂ ਲੰਘਦਿਆਂ ਦੇਰ ਨਹੀਂ ਲੱਗਦੀ। ਅਜੇ ਇਕ ਸਾਲ ਹੋਇਆ ਸੀ ਕਿ ਮੇਰੀ ਚੋਣ ਉਚ ਪੱਧਰੀ ਸਿੱਖਿਆ ਪ੍ਰਾਪਤ ਕਰਨ ਲਈ ਅੰਮ੍ਰਿਤਸਰ ਬਦਲੀ ਦੇ ਆਰਡਰ ਆ ਗਏ। ਉਥੋਂ ਤੁਰਦਿਆਂ ਜਦੋਂ ਮੈਂ ਤਰਾਵੜੀ ਸਟੇਸ਼ਨ ਪੁੱਜਾ ਤਾਂ ਵੇਖਿਆ ਕਿ ਲੋਕਾਂ ਦੀ ਭੀੜ ਸੀ, ਜੋ ਮੈਨੂੰ ਅੰਮ੍ਰਿਤਸਰ ਵਾਸਤੇ ਰਵਾਨਾ ਕਰਨ ਆਈ ਸੀ। ਸਟੇਸ਼ਨ ਮਾਸਟਰ ਨੇ ਕਿਸੇ ਹੋਰ ਗੱਡੀ ਨੂੰ ਪਾਸ ਦੇਣ ਦੇ ਬਹਾਨੇ 15 ਮਿੰਟ ਗੱਡੀ ਰੋਕੀ ਰੱਖੀ ਤਾਂ ਜੋ ਲੋਕ ਮੈਨੂੰ ਚੰਗੀ ਤਰ੍ਹਾਂ ਮਿਲ ਸਕਣ। ਸਾਰਾ ਸਮਾਂ ਮੈਂ ਇਸੇ ਸੋਚ ਵਿੱਚ ਰਿਹਾ ਕਿ ਮੈਂ ਇਸ ਮਾਣ ਦੇ ਯੋਗ ਨਹੀਂ, ਜੋ ਲੋਕ ਮੈਨੂੰ ਦੇ ਰਹੇ ਹਨ। ਇਹ ਉਨ੍ਹਾਂ ਦੀ ਵਡਿਆਈ ਸੀ ਕਿ ਮੇਰੇ ਵਰਗੇ ਨਿੱਕੇ ਡਾਕਟਰ ਨੂੰ, ਜਿਸ ਨੂੰ ਦੋ ਸਾਲ ਡਾਕਟਰ ਬਣੇ ਨੂੰ ਹੋਏ ਸਨ, ਇੰਨਾ ਪਿਆਰ ਦਿੱਤਾ। ਅੰਮ੍ਰਿਤਸਰ ਪਹੁੰਚ ਕੇ ਇਕ ਦੋ ਦਿਨ ਬਾਅਦ ਤਰਾਵਰੀ ਦੇ ਇਕ ਪੱਤਰਕਾਰ ਵੱਲੋਂ ਭੇਜੀ ਖਬਰ ਇਕ ਅੰਗਰੇਜ਼ੀ ਅਖਬਾਰ ਦੇ ਤੀਜੇ ਸਫੇ ਉੱਤੇ ਛਪੀ ਕਿ ਉਥੋਂ ਦਾ ਮੈਡੀਕਲ ਅਫਸਰ ਡਾ. ਅਦਲੱਖਾ ਉਚ ਪੱਧਰੀ ਸਿੱਖਿਆ ਲਈ ਅੰਮ੍ਰਿਤਸਰ ਘੱਲਿਆ ਗਿਆ ਹੈ। ਅੱਜ ਇਹ ਗੱਲਾਂ ਸੁਪਨੇ ਵਰਗੀਆਂ ਲੱਗਦੀਆਂ ਹਨ।

## ਮਿੰਨੀ ਕਹਾਣੀਆਂ

### ਲੋੜ

–ਗੁਰਦਿਆਲ ਦਲਾਲ

ਲੈਨਿਨ ਦੀ ਮੂਰਤੀ ਤੋੜਨ ਮਗਰੋਂ ਉਹ ਬਹੁਤ ਥੱਕ ਗਏ। ਨੇਤਾ ਨੇ ਸਭ ਨੂੰ ਸ਼ਰਾਬ ਪਿਆਈ ਤੇ ਬੋਲਿਆ, 'ਹੁਣ ਤੁਸੀਂ ਦਫਤਰ ਵਿੱਚੋਂ ਪੇਮੈਂਟ ਲਓ ਤੇ ਘਰਾਂ ਨੂੰ ਜਾਉ।'

ਇਕ ਸ਼ਰਾਬੀ ਅੜ ਗਿਆ। ਕਹਿੰਦਾ, 'ਸਵਾਦ ਨਹੀਂ ਆਇਆ, ਮੂਰਤੀ ਤੋੜ ਕੇ। ਲਹੂ ਤਾਂ ਨਿਕਲਿਆ ਹੀ ਨਹੀਂ।'

ਨੇਤਾ ਬੋਲਿਆ, 'ਵਾਹ! ਤੇਰੇ ਵਰਗਿਆਂ ਦੀ ਤਾਂ ਸਖਤ ਲੋੜ ਏ। ਤੂੰ ਮੇਰੇ ਨਾਲ ਹੀ ਆ ਜਾ।'

### ਫਿਕਰ

–ਤਰਸੇਮ ਲੰਡੇ

'ਪਿੰਦੇ ਦੇ ਬਾਪੂ, ਜੇ ਜੁਆਕ ਸ਼ਹਿਰ ਗਿਆ ਥੋੜ੍ਹਾ ਲੇਟ ਹੋ ਗਿਆ ਤਾਂ ਫੇਰ ਕੀ ਹੈ, ਕਿਤੇ ਕਿਸੇ ਲਿਹਾਜੀ ਭਿਹਾਜੀ ਕੋਲ ਰੁਕ ਗਿਆ ਹੋਣੈ। ਨਾਲੇ ਇਹ ਕਿਹੜਾ ਕੋਈ ਕੁੜੀ ਐ ਜੋ ਐਵੀਂ ਸੰਸਾ ਕਰਦੇ ਹੋ।' ਬਚਨੋ ਨੇ ਧਰਵਾਸ ਦਿੰਦਿਆਂ ਆਪਣੇ ਪਤੀ ਨੂੰ ਕਿਹਾ।

'ਭਾਗਵਾਨੇ ਗੱਲ ਉਹ ਨਹੀਂ। ਦਰਅਸਲ ਗੱਲ ਇਹ ਹੈ ਕਿ ਬੇਰੁਜ਼ਗਾਰੀ ਦਾ ਭੰਨਿਆ ਕਿਤੇ ਨਸ਼ੇ ਦੇ ਚੁੰਗਲ 'ਚ ਹੀ ਨਾ ਫਸ ਜਾਏ। ਨਸ਼ੇ ਦੀ ਲਤ ਬੇਰੁਜ਼ਗਾਰੀ ਤੋਂ ਵੀ ਭਿਆਨਕ ਹੁੰਦੀ ਐ। ਕੁੜੀ ਹੁੰਦੀ ਤਾਂ ਇਹ ਫਿਰਕ ਨਾ ਰਹਿੰਦਾ..।' ਸ਼ਾਇਦ ਇਹ ਗੱਲ ਤਾਂ ਬਚਨੋ ਨੇ ਸੋਚੀ ਵੀ ਨਹੀਂ ਸੀ।

### ਇਕ ਤੌੜੀ, ਦੋ ਢਿੱਡ

–ਸੁਖਵਿੰਦਰ ਕੌਰ ਸਿੱਧੂ

'ਹਾਂ ਬਈ ਬੱਚਿਓ! ਅੱਜ ਆਪਾਂ ਮੁਹਾਵਰੇ ਅਤੇ ਅਖਾਣਾਂ ਦਾ ਜ਼ੁਬਾਨੀ ਟੈਸਟ ਲੈਣਾ ਹੈ। ਜੇ ਕਿਸੇ ਦੀ ਕੋਈ ਸਮੱਸਿਆ ਹੈ ਤਾਂ ਉਹ ਪਹਿਲਾਂ ਪੁੱਛ ਸਕਦਾ ਹੈ।' ਮਾਸਟਰ ਜਗਦੇਵ ਸਿੰਘ ਨੇ ਕੁਰਸੀ 'ਤੇ ਬੈਠਦਿਆਂ ਕਲਾਸ ਨੂੰ ਸੰਬੋਧਨ ਕਰਕੇ ਕਿਹਾ।

"ਮਾਸਟਰ ਜੀ, ਇਕ ਅਖਾਣ ਮੇਰੀ ਸਮਝ 'ਚ ਨਹੀਂ ਆਇਆ। 'ਇਕ ਤੌੜੀ ਦੇ ਢਿੱਡ' ਦਾ ਅਰਥ ਦੱਸ ਕੇ ਕੀ ਵਾਕ ਬਣੇਗਾ?" ਜਗਦੀਪ ਨੇ ਖੜਾ ਹੋ ਕੇ ਪੁੱਛਿਆ। ਬਚਪਨ ਤੋਂ ਹੁਣ ਤੱਕ ਮਾਂ ਬਾਪ ਵੱਲੋਂ ਦੋਵੇਂ ਭਰਾਵਾਂ 'ਚ ਹੁੰਦੇ 'ਇਕ ਤੌੜੀ ਦੋ ਢਿੱਡ' ਦੀ ਸਾਰੀ ਰੀਲ੍ਹ ਮਾਸਟਰ ਜਗਦੇਵ ਸਿੰਘ ਦੀਆਂ ਅੱਖਾਂ ਅੱਗੋਂ ਲੰਘਣ ਲੱਗੀ ਤੇ ਉਹ ਜਾਣਦਾ ਹੋਇਆ ਵੀ ਵਾਕ ਬਣਾਉਣ ਵਿੱਚ ਅਸਮਰੱਥ ਜਾਪ ਰਿਹਾ ਸੀ।

# ਸੂਫੀ ਰੰਗ ਅਤੇ ਦੋ ਫਰੀਦ

–ਅਮਰੀਕ ਹਮਰਾਜ਼

ਪੰਜਾਬੀ ਸਾਹਿਤ ਵਿੱਚ ਸੂਫੀ ਸਾਹਿਤ ਦੀ ਬਹੁਲਤਾ ਨੇ ਸਲਾਹੁਣ ਯੋਗ ਹਿੱਸਾ ਪਾਇਆ ਹੈ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਜੇ ਪੰਜਾਬੀ ਸਾਹਿਤ ਦੀ ਅਮੀਰੀ ਉੱਤੇ ਮਾਣ ਕਰਨਾ ਬਣਦਾ ਹੈ ਤਾਂ ਉਹ ਸਿਹਰਾ ਸੂਫੀ ਸਾਹਿਤ ਦੇ ਖਜ਼ਾਨੇ ਸਿਰ ਬੱਝਦਾ ਹੈ। ਸੂਫੀ ਰੰਗ ਵਿੱਚ ਰੰਗੇ ਅਨੇਕਾਂ ਸਿਰਕੱਢ ਸ਼ਾਇਰ ਹੋਏ ਹਨ। ਇਨ੍ਹਾਂ ਵਿੱਚੋਂ ਦੋ ਫਰੀਦ: ਭਾਵ ਸ਼ੇਖ ਫਰੀਦ ਤੇ ਖਵਾਜ਼ਾ ਗੁਲਾਮ ਫਰੀਦ ਦੀ ਗੱਲ ਕਰਨੀ ਬਣਦੀ ਹੈ। ਦਰਅਸਲ ਇਨ੍ਹਾਂ ਬਾਰੇ ਗੱਲ ਕਰਨੀ ਇਸ ਲਈ ਵੀ ਜ਼ਰੂਰੀ ਹੈ ਕਿ ਹਾਲੇ ਵੀ ਬਹੁਤ ਸਾਰੇ ਲੋਕ ਦੋਵਾਂ ਫਰੀਦ ਵਿੱਚ ਫਰਕ ਦਾ ਟਪਲਾ ਖਾ ਜਾਂਦੇ ਹਨ।

ਸ਼ੇਖ ਫਰੀਦ ਅਤੇ ਗੁਲਾਮ ਫਰੀਦ ਦੇ ਜਨਮ ਵਿੱਚ ਲਗਭਗ 700 ਸਾਲ ਦਾ ਫਰਕ ਹੈ। ਸ਼ੇਖ ਫਰੀਦ ਨੂੰ ਫਰੀਦ ਸ਼ਕਰਗੰਜ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ, ਜਿਨ੍ਹਾਂ ਦਾ ਜਨਮ 1173 ਵਿੱਚ ਹੋਇਆ ਮੰਨਿਆ ਗਿਆ। ਦੂਜੇ ਫਰੀਦ ਅਰਥਾਤ ਖਵਾਜ਼ਾ ਗੁਲਾਮ ਫਰੀਦ ਦਾ ਜਨਮ 1845 ਵਿੱਚ ਮੰਨਿਆ ਜਾਂਦਾ ਹੈ। ਦੋਵਾਂ ਫਰੀਦਾਂ ਨੇ ਸੂਫੀਆਨਾ ਲਹਿਜੇ ਨਾਲ ਲਬਰੇਜ਼ ਬਾਕਮਾਲ ਸ਼ਾਇਰੀ ਕੀਤੀ। ਸ਼ੇਖ ਫਰੀਦ ਦੀ ਸ਼ਾਇਰੀ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਥਾਂ ਦੇ ਕੇ ਉਨ੍ਹਾਂ ਦੀ ਲਿਖਤ ਵਿੱਚ ਰੱਬ ਨੂੰ ਪਾਉਣ ਦੇ ਸਿਰੜ ਉਤੇ ਮੋਹਰ ਲਾ ਕੇ ਪਰਪੱਕਤਾ ਨੂੰ ਜੱਗ ਜ਼ਾਹਿਰ ਕਰ ਦਿੱਤਾ। ਗੁਰੂ ਗ੍ਰੰਥ ਸਾਹਿਬ ਵਿੱਚ ਸ਼ੇਖ ਫਰੀਦ ਦੇ 112 ਸਲੋਕ ਅਤੇ ਚਾਰ ਸ਼ਬਦ ਸ਼ਾਮਲ ਹਨ। ਭਾਵੇਂ ਬਾਬਾ ਫਰੀਦ ਦੇ ਨਾਮ ਨਾਲ ਹੋਰ ਵੀ ਕਈ ਲਿਖਤਾਂ ਨੂੰ ਜੋੜਿਆ ਜਾਂਦਾ ਹੈ, ਪਰ ਪਰਪੱਕ ਸਿਰਫ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਲਿਖਤ ਨੂੰ ਮੰਨਦੇ ਹਾਂ। ਉਹ ਪੂਜਣ ਯੋਗ ਇਸ ਕਰ ਕੇ ਵੀ ਹਨ ਕਿਉਂਕਿ ਮਾਂ ਬੋਲੀ ਪੰਜਾਬੀ ਦੇ ਪਹਿਲੇ ਲੇਖਕ/ ਕਵੀ ਵੀ ਸ਼ੇਖ ਫਰੀਦ ਹੀ ਹਨ। ਉਨ੍ਹਾਂ ਨੇ ਸ਼ੇਖ ਬਖਤਿਆਰ ਕਾਕੀ ਨੂੰ ਆਪਣਾ ਮੁਰਸ਼ਦ ਮੰਨਿਆ ਅਤੇ ਆਪਣੇ ਮੁਰਸ਼ਦ ਦੀ ਰੂਹ ਨਾਲ ਆਪਣੀ ਰੂਹ ਨੂੰ ਇਕਮਿਕ ਕਰ ਕੇ ਉਸ 'ਕੰਤ' ਨੂੰ ਹਾਜ਼ਰ ਨਾਜ਼ਰ ਸਮਝਿਆ। ਸ਼ੇਖ ਫਰੀਦ ਨੇ ਆਪਣੇ ਸਲੋਕਾਂ ਵਿੱਚ ਮੌਤ ਦੇ ਪ੍ਰਚੰਡ ਚਿਤਰਾਂ ਨੂੰ ਸਿਰਜਿਆ ਤੇ ਵਿਅਕਤੀ ਨੂੰ ਮੌਤ ਦੀ ਅਟੱਲ ਸੱਚਾਈ ਨੂੰ ਹਮੇਸ਼ਾ ਚੇਤੇ ਰੱਖਣ ਦੀ ਦੁਹਾਈ ਦਿੱਤੀ ਤਾਂ ਜੋ ਇਸ ਅਟੱਲ ਭਾਣੇ ਨੂੰ ਮਨ ਵਿੱਚ ਵਸਾ ਕੇ ਉਸ ਨੂੰ ਰੱਬ ਨੂੰ ਲੇਖਾ ਦੇਣ ਲਈ ਆਪਣੇ ਜੀਵਨ ਨੂੰ ਸਾਰਥਕ ਬਣਾਇਆ ਜਾ ਸਕੇ।

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰ॥<br>
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ॥

ਜਾਂ

ਬੁਢਾ ਹੋਆ ਸੇਖ ਫਰੀਦੁ ਕੰਬਣ ਲੱਗੀ ਦੇਹ॥<br>
ਜੇ ਸਉ ਵਰਿਆ ਜੀਵਣਾ ਭੀ ਤਨ ਹੋਸੀ ਖੇਹ॥

ਇਸ ਤਰ੍ਹਾਂ ਦੇ ਅਨੇਕਾਂ ਸਲੋਕਾਂ ਵਿੱਚ ਮੌਤ ਦਾ ਸੰਕਲਪ ਹੈ। ਮਨੁੱਖ ਨੂੰ ਝੰਜੋੜ ਕੇ ਉਨ੍ਹਾਂ ਇਹ ਦੱਸਿਆ ਕਿ ਉਸ ਰੱਬ ਨੂੰ ਪਾ ਕੇ ਬੇਸਬਰੀ ਰੂਹ ਵਿੱਚ ਟਿਕਾਓ ਲਿਆਂਦਾ ਜਾ ਸਕਦਾ ਹੈ। ਸੂਫੀ ਰੰਗ ਵੇਗ ਵਿੱਚ ਇਥੋਂ ਤੱਕ ਕਹਿ ਦਿੰਦੇ ਹਨ ਕਿ 'ਕੰਤ' ਬਿਨਾਂ ਇੱਕ ਰਾਤ ਕੱਟਣੀ ਔਖੀ ਹੈ, ਪਰ 'ਕੰਤ' ਤੋਂ ਦੂਰ ਹੋ ਗਈਆਂ ਸੁਹਾਗਣਾਂ ਕਿਵੇਂ ਰਾਤਾਂ ਕੱਟਦੀਆਂ ਹਨ :

ਅਜ ਨਾ ਸੁਤੀ ਕੰਤ ਸਿਉ ਅੰਗ ਮੁੜੇ ਮੁੜ ਜਾਇ॥<br>
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥

ਭਾਵੇਂ ਸ਼ੇਖ ਫਰੀਦ ਆਪਣੇ ਮੁਰਸ਼ਦ ਹਜ਼ਰਤ ਖਵਾਜ਼ਾ ਬਖਤਿਆਰ ਕਾਕੀ ਦੇ ਚਲਾਣੇ ਮਗਰੋਂ ਉਨ੍ਹਾਂ ਦਾ ਚੋਲਾ ਪਾ ਕੇ ਫਕੀਰੀ ਭੇਸ ਵਿੱਚ ਵਿਚਰਦੇ ਰਹੇ, ਪਰ ਉਹ ਸ਼ਾਹੀ ਖਾਨਦਾਨ ਵਿੱਚੋਂ ਸਨ। ਖੋਜਾਰਥੀਆਂ ਨੇ ਇਹ ਵੀ ਲਿਖਿਆ ਹੈ ਕਿ ਸ਼ੇਖ ਫਰੀਦ, ਸੁਲਤਾਨ ਮਹਿਮੂਦ ਗਜ਼ਨਵੀ ਦੇ ਭਾਣਜੇ ਸਨ। ਉਹ 1266 ਨੂੰ ਦੇਹ ਤਿਆਗ ਗਏ।

ਖਵਾਜ਼ਾ ਗੁਲਾਮ ਫਰੀਦ ਦੀ ਕਾਫੀ ਸ਼ਾਇਰੀ ਮਿਲਦੀ ਹੈ। ਉਨ੍ਹਾ ਦੀ ਸ਼ਾਇਰੀ ਵਿੱਚ ਭਾਵੁਕਤਾ, ਇਸ਼ਕ ਦਾ ਉਬਾਲ, ਬਿਰਹਾ ਦੀ ਪੀੜ ਦਾ ਸੰਕਲਪ ਭਾਰੂ ਹੈ, ਪਰ ਸ਼ੇਖ ਫਰੀਦ ਵਾਲਾ ਅਧਿਆਤਮਿਕ ਸਿਧਾਂਤ, ਮੌਤ ਦੇ ਡਰ ਨੂੰ ਮਹਿਸੂਸ ਕਰ ਕੇ ਰੱਬ ਪਾਉਣ ਵਾਲੀ ਵਿਚਾਰਧਾਰਾ ਦੀ ਅਣਹੋਂਦ ਮਹਿਸੂਸ ਹੁੰਦੀ ਹੈ। ਖਵਾਜ਼ਾ ਗੁਲਾਮ ਫਰੀਦ ਲਈ ਇਸ਼ਕ ਪੰਧ ਜੀਵਨ ਜਿਉਣ ਲਈ ਵਡਮੁੱਲਾ ਅਤੇ ਸਾਰਥਕ ਰਾਹ ਸੀ। ਉਨ੍ਹਾਂ ਦੀ ਕਵਿਤਾ ਤੋਂ ਸਹਿਜੇ ਹੀ ਅਨੁਭਵ ਹੋ ਜਾਂਦਾ ਹੈ ਕਿ ਸੁੱਚੇ ਇਸ਼ਕ ਦੀ ਪ੍ਰਾਪਤੀ ਲਈ ਬਿਰਹਾ ਦੇ ਸੰਤਾਪ ਨੂੰ ਸੀਨੇ ਲਾ ਕੇ ਜਿਉਣਾ ਪੈਂਦਾ ਹੈ। ਉਨ੍ਹਾਂ ਦੇ ਮੁਤਾਬਕ ਰੱਬ ਨੂੰ ਮਹਿਸੂਸ ਕਰਨ ਦਾ ਸਾਧਨ ਦਿਲ ਵਿੱਚ ਪ੍ਰੇਮ ਦੀ ਜਾਗੀ ਹੋਈ ਚੀਸ ਹੈ। ਉਨ੍ਹਾਂ ਲਈ ਇਸ਼ਕ ਹਕੀਕੀ ਪਿਆਰੇ ਨਾਲ ਮਿਲਾਪ ਕਰਨ ਵਾਲੀ ਮੰਜ਼ਿਲ 'ਤੇ ਪਹੁੰਚਾਉਣ ਲਈ ਪੌੜੀ ਦਾ ਪਹਿਲਾ ਡੰਡਾ ਹੈ :

ਇਸ਼ਕ ਦਾ ਜਲਵਾ ਹਰ ਜਾ, ਸੁਬ੍ਹਾਨ ਅੱਲ੍ਹਾ ਸੁਬ੍ਹਾਨ ਅੱਲ੍ਹਾ।<br>
ਖੁਦ ਆਸ਼ਕ ਖੁਦ ਮਾਸ਼ੂਕ ਬਣਿਆ, ਸੁਬ੍ਹਾਨ ਅੱਲ੍ਹਾ ਸੁਬ੍ਹਾਨ ਅੱਲ੍ਹਾ।

ਗੁਲਾਮ ਫਰੀਦ ਦੀ ਸ਼ਾਇਰੀ ਆਪਣੇ ਪਿਆਰੇ ਨੂੰ ਮਿਲਣ ਲਈ ਹਾੜ੍ਹੇ ਕੱਢਦੀ ਸਾਧਵੀ ਵਰਗੀ ਹੈ। ਇੱਕ ਤੜਪਦੀ ਬਿਰਹਣ ਦੀ ਹੂਕ ਹੈ :

ਇਸ਼ਕ ਤੈਂਡੇ ਦੀ ਨਹਿਰ ਵਗੇ<br>
ਕਈ ਤਰੀਆਂ ਕਰਮਾਂ ਵਾਲੜੀਆਂ।<br>
ਕਈ ਕੋਹਝੀਆਂ ਲੰਘ ਪਾਰ ਗਈਆਂ।<br>
ਤੇ ਰੋਵਣ ਸ਼ਕਲਾਂ ਵਾਲੜੀਆਂ।

ਪ੍ਰਸਿੱਧ ਲੇਖਕ ਤਨਵੀਰ ਬੁਖਾਰੀ ਨੇ ਆਪਣੇ ਇੱਕ ਲੇਖ ਵਿੱਚ ਖਵਾਜ਼ਾ ਗੁਲਾਮ ਫਰੀਦ ਦਾ ਇਸ਼ਕ ਇੱਕ ਮਰਾਸਣ ਕੁੜੀ ਨਾਲ ਹੋਇਆ ਦੱਸਿਆ ਹੈ। ਲੇਖਕ ਅਨੁਸਾਰ ਉਸ ਕੁੜੀ ਦਾ ਦਰਜਾ ਗੁਲਾਮ ਫਰੀਦ ਦੀ ਬੀਵੀ ਵਰਗਾ ਹੋ ਗਿਆ ਸੀ। ਹੋ ਸਕਦਾ ਹੈ ਫਰੀਦ ਦੇ ਦਰਦ, ਬਿਰਹਾ ਦੀ ਪੀੜ, ਪ੍ਰੇਮ ਦੀ ਚੀਸ ਦਾ ਧੁਰਾ ਇਸ ਕੁੜੀ ਵਾਲਾ ਇਸ਼ਕ ਹੋਵੇ। ਸੰਭਵ ਹੈ ਕਿ ਮਗਰੋਂ ਜਾ ਕੇ ਇਸ ਇਸ਼ਕ ਨੇ ਪ੍ਰੌੜ ਅਵਸਥਾ ਹਾਸਲ ਕਰ ਲਈ ਹੋਵੇ :

ਦਰਿਆ ਬਿਰਹੋਂ ਦਾ ਤਾਰ ਹੈ,<br>
ਹਰ ਮੌਜ ਆਦਮ ਖੁਆਰ ਹੈ।<br>
ਨਾ ਪਾਰ ਨਾ ਉਰਾਰ ਹੈ,<br>
ਔਖੀਂ ਅੜਾਈ ਆ ਅੜੀ॥

ਬਹੁਤ ਸਾਰੇ ਲੋਕ ਦੋਵਾਂ ਫਰੀਦਾਂ ਦੀ ਸ਼ਾਇਰੀ ਨੂੰ ਰਲਗੱਡ ਕਰ ਦਿੰਦੇ ਹਨ, ਜੋ ਠੀਕ ਨਹੀਂ। ਡੂੰਘੀ ਨਜ਼ਰੇ ਦੇਖਿਆਂ ਫਰਕ ਸਾਫ ਦਿਸਦਾ ਹੈ। ਸ਼ੇਖ ਫਰੀਦ ਤੋਂ ਸੱਤ ਸੌ ਸਾਲ ਮਗਰੋਂ ਹੋਏ ਖਵਾਜ਼ਾ ਗੁਲਾਮ ਫਰੀਦ ਨੇ 1901 ਨੂੰ ਦੇਹ ਤਿਆਗੀ।

ਵਿਸਾਖੀ ਆਪ ਸਭ ਲਈ ਖੁਸ਼ਹਾਲੀ ਅਤੇ ਖੇੜਿਆਂ ਦੀ ਸਗਾਤ ਲੈ ਕੇ ਤਹਾਡੇ ਦਰਾਂ ਦੀ ਦਸਤਕ ਬਣੇ






AUTO & HOME INSURANCE

Super visa monthly plans available /Life & Disability/
Critical illness /RESP /Visitor & Travel insurance

ਬੱਚਿਆਂ ਦੀ ਆਰ ਈ ਐਸ ਪੀ ਕਰਾਉਣ ਤੇ 20% ਤੱਕ ਗਰਾਂਟ ਅਤੇ 15% ਤੱਕ ਬੋਨਸ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸੰਪਰਕ ਕਰੋ: Manwinder Mangat

Axel Insurance Brokers Ltd.
1332 Khalsa Dr, Unit # 11, Mississauga, ON L5S 0A2

416-845-1352



# ਸੜਕਾਂ ਉੱਤੇ ਫਿਰਦੀ ਲੈਬਾਰਟਰੀ

-ਤਰਸੇਮ ਲੰਡੇ-

ਬੀ ਏ ਕਰਨ ਪਿੱਛੋਂ ਲੈਬਰਾਟਰੀ ਟੈਕਨੀਸ਼ੀਅਨ ਡਿਪਲੋਮਾ ਕਰਨ ਦੀ ਸੋਚੀ। ਮੇਰੇ ਨਾਲ ਹੀ ਪਿੰਡ ਦੇ ਇਕ ਦੋਸਤ ਨੇ ਇਹ ਡਿਪਲੋਮਾ ਕਰਨ ਦਾ ਮਨ ਬਣਾ ਲਿਆ ਤੇ ਅਸੀਂ ਲੁਧਿਆਣੇ ਸਿਵਲ ਲਾਈਨਜ਼ ਦੇ ਇਕ ਇੰਸਟੀਚਿਊਟ ਵਿੱਚ ਦਾਖਲਾ ਲੈ ਲਿਆ। ਪਿੰਡ ਛੱਡ ਕੇ 'ਪੀ ਜੀ' ਵਿੱਚ ਰਹਿਣਾ ਬੜਾ ਮੁਸ਼ਕਿਲ ਸੀ, ਪਰ ਹੌਲੀ-ਹੌਲੀ ਪੈਰ ਲੱਗ ਗਏ। ਮਹੀਨੇ ਕੁ ਬਾਅਦ ਪਿੰਡ ਗੇੜਾ ਮਾਰ ਜਾਣਾ। ਇਸੇ ਬਹਾਨੇ ਪਿਤਾ ਜੀ ਤੋਂ ਖਰਚਾ ਅਤੇ ਮਾਂ ਦੇ ਹੱਥ ਦੀਆਂ ਰੋਟੀਆਂ ਮਿਲ ਜਾਂਦੀਆਂ। ਇਸੇ ਤਰ੍ਹਾਂ ਸਾਲ ਗੁਜ਼ਰ ਗਿਆ ਅਤੇ ਡਿਪਲੋਮਾ ਪੂਰਾ ਹੋ ਗਿਆ।

ਅੱਗੇ ਕਿਸੇ ਲੈਬਾਰਟਰੀ ਵਿੱਚ ਕੰਮ ਸਿੱਖਣ ਦਾ ਮਨ ਬਣਾ ਲਿਆ ਤਾਂ ਜੋ ਆਪਣੀ ਕੋਈ ਲੈਬਾਰਟਰੀ ਖੋਲ੍ਹ ਸਕੀਏ। ਲੁਧਿਆਣੇ ਇਕ ਡਾਇਗਨੋਸਟਿਕ ਸੈਂਟਰ ਵਿੱਚ ਨੌਕਰੀ ਮਿਲ ਗਈ। ਇਥੇ ਬਲੱਡ ਟੈਸਟਿੰਗ ਘੱਟ ਅਤੇ 'ਬਲੱਡ ਕੁਲੈਕਸ਼ਨ ਸੈਂਟਰ' ਦਾ ਕੰਮ ਵਧੇਰੇ ਸੀ। ਵੱਖ-ਵੱਖ ਹਸਪਤਾਲਾਂ ਵਿੱਚੋਂ ਸੈਂਪਲ ਇਕੱਠੇ ਕਰਕੇ ਸ਼ਾਮ ਨੂੰ ਵੱਖ-ਵੱਖ ਮੁੱਖ ਸੈਂਟਰਾਂ ਜਿਵੇਂ ਨੋਇਡਾ, ਦਿੱਲੀ, ਕੋਲਕਾਤਾ, ਮੁੰਬਈ ਆਦਿ ਸ਼ਹਿਰਾਂ ਨੂੰ ਕੋਰੀਅਰ ਰਾਹੀਂ ਭੇਜੇ ਜਾਂਦੇ ਸਨ। ਕੁਲੈਕਸ਼ਨ ਲਈ ਮੈਂ ਲੁਧਿਆਣਾ ਅਤੇ ਮੈਥੋਂ ਸੀਨੀਅਰ ਮੁੰਡਾ ਜੌਹਨੀ ਜਲੰਧਰ ਤੋਂ ਸੈਂਪਲ ਇਕੱਠੇ ਕਰਦੇ ਸਾਂ। ਸੈਂਪਲ ਇਕੱਠੇ ਕਰਦਿਆਂ ਜੇਠ ਹਾੜ੍ਹ ਦੀ ਧੁੱਪ, ਨੰਗੇ ਸਿਰ ਉਤੇ ਹੀ ਗੁਜ਼ਰਦੀ ਸੀ। ਕਦੀ ਦਸ ਕੁ ਮਿੰਟ ਪਸੀਨਾ ਸੁਕਾਉਣ ਲਈ ਪੱਖੇ ਹੇਠ ਬੈਠ ਜਾਣਾ ਤਾਂ ਡਾਕਟਰ ਨੇ ਝੱਟ ਕਹਿਣਾ, 'ਜਾਓ ਫਲਾਣੇ ਹਸਪਤਾਲ 'ਚੋਂ ਸੈਂਪਲ ਲੈ ਕੇ ਆਓ।' ਕਦੀ ਕਹਿਣਾ, 'ਜਾਓ ਅਰਜੈਂਟ ਹੈ, ਰਿਪੋਰਟ ਦੇ ਕੇ ਆਓ।' ਇੰਨਾ ਜ਼ਰੂਰ ਸੀ ਕਿ ਦੂਜੇ ਹਸਪਤਾਲ ਦੇ ਡਾਕਟਰਾਂ ਤੇ ਸਟਾਫ ਨਾਲ ਜਾਣ ਪਛਾਣ ਵਾਹਵਾ ਹੋ ਗਈ ਅਤੇ ਸਾਰਾ ਕੰਮ ਹੱਥੀਂ ਕਰਨ ਦਾ ਤਰੀਕਾ ਵੀ ਸਿੱਖ ਲਿਆ। ਸਵੇਰੇ ਤਾਰਿਆਂ ਦੀ ਲੋਏ ਉਠਣਾ, ਫਿਰ ਚੱਲ ਸੋ ਚੱਲ।

ਇਨ੍ਹੀਂ ਦਿਨੀਂ ਡਾਕਟਰ ਨੂੰ ਜੌਹਨੀ ਵਾਧੂ ਜਾਪਣ ਲੱਗ ਪਿਆ। ਪਰਵਾਰ ਤੇ ਬੱਚਿਆਂ ਦੀਆਂ ਫੀਸਾਂ ਦਾ ਭਾਰ ਉਸ ਦੇ ਮੋਢਿਆ 'ਤੇ ਸੀ। ਉਸ ਨੇ ਆਪਣੀ ਤਨਖਾਹ ਵਧਾਉਣ ਲਈ ਅਜੇ ਕਿਹਾ ਸੀ ਕਿ ਡਾਕਟਰ ਭੜਕ ਪਿਆ, 'ਜੇ ਕਿਧਰੇ ਕੋਈ ਹੋਰ ਕੰਮ ਮਿਲਦਾ ਤਾਂ ਦੇਖਲੈ, ਮੈਂ ਵੀ ਆਪਣਾ ਘਰ ਚਲਾਉਣੈ।' ਆਖਰ ਉਸ ਨੇ ਨੌਕਰੀ ਛੱਡ ਦਿੱਤੀ। ਜੌਹਨੀ ਤੋਂ ਬਾਅਦ ਜਲੰਧਰ ਵਾਲਾ ਸਾਰਾ ਕੰਮ ਮੇਰੇ ਸਿਰ ਆ ਪਿਆ। ਮੇਰਾ ਰੇਲ ਗੱਡੀ ਦਾ ਰੋਜ਼ਾਨਾ ਵਾਲਾ ਪਾਸ ਬਣ ਚੁੱਕਾ ਸੀ। ਸੈਂਪਲ ਇਕੱਠੇ ਕਰਨ ਲਈ ਮੇਰੇ ਵਾਸਤੇ ਅੱਧ ਪੁਰਾਣਾ ਜਿਹਾ ਸਾਈਕਲ ਜਲੰਧਰ ਰੇਲਵੇ ਸਟੇਸ਼ਨ 'ਤੇ ਰੱਖ ਦਿੱਤਾ ਗਿਆ। ਇਹ ਜ਼ਿੰਮੇਵਾਰੀ ਲੁਧਿਆਣੇ ਤੋਂ ਵੀ ਔਖੀ ਸੀ। ਸਵੇਰੇ ਜਲਦੀ ਉਠਣਾ, ਨਹਾਉਣਾ, ਖਾਣਾ ਬਣਾਉਣਾ, ਤਿਆਰ ਹੋਣਾ, ਰੋਟੀ ਟਿਫਨ ਵਿੱਚ ਪਾ ਕੇ ਬੈਗ ਚੁੱਕ ਰੇਲਵੇ ਸਟੇਸ਼ਨ ਵੱਲ ਭੱਜਣਾ ਕਿ ਕਿਧਰੇ ਗੱਡੀ ਨਾ ਨਿਕਲ ਜਾਵੇ। ਜਲੰਧਰ ਰੇਲਵੇ ਸਟੇਸ਼ਨ ਤੋਂ ਕਪੂਰਥਲਾ ਚੌਕ, ਕਿਡਨੀ ਹਸਪਤਾਲ, ਕੈਂਟ, ਬੱਸ ਸਟੈਂਡ, ਮੇਨ ਬਾਜ਼ਾਰ ਹੁੰਦਾ ਹੋਇਆ ਰੇਲਵੇ ਸਟੇਸ਼ਨ ਪੁੱਜਣਾ। ਦਿਨ ਭਰ ਸਾਈਕਲ ਚਲਾਉਂਦਿਆਂ ਪੱਟ ਫੁੱਲ ਜਾਂਦੇ। ਸਰੀਰ ਦਾ ਧੂੰਆਂ ਨਿਕਲ ਜਾਣਾ। ਇਹ ਘਾਲਣਾ ਘਾਲਦਿਆਂ ਸਾਲ ਨਿਕਲ ਗਿਆ। ਆਸ ਉਹੀ ਕਿ ਆਪਣੀ ਲੈਬਾਰਟਰੀ ਖੋਲ੍ਹਾਂਗਾ। ਇਸੇ ਆਸ ਵਿੱਚ ਸਰੀਰ ਦਾ ਵਜ਼ਨ 44 ਕਿਲੋ ਰਹਿ ਗਿਆ।

ਉਸ ਦਿਨ ਐਤਵਾਰ ਸੀ, ਪਿਤਾ ਜੀ ਮਿਲਣ ਪੁੱਜ ਗਏ। ਮੇਰੀ ਤੇ ਮੇਰੇ ਰਹਿਣ ਦੀ ਹਾਲਤ ਦੇਖ ਉਨ੍ਹਾਂ ਮੈਨੂੰ ਵਾਪਸ ਪਿੰਡ ਜਾਣ ਦੀ ਰਾਏ ਦਿੱਤੀ। ਜਾਣ ਵੇਲੇ ਖਰਚ ਲਈ 2500 ਰੁਪਏ ਦਿੰਦਿਆਂ ਉਨ੍ਹਾਂ ਕਿਹਾ, 'ਆਪਣੇ ਡਾਕਟਰ ਨੂੰ ਕਹਿ ਦਈਂ, ਅਗਲੇ ਮਹੀਨੇ ਕੰਮ ਛੱਡ ਦੇਣਾ। ਆਪਾਂ ਉਥੇ ਕਿਤੇ ਹੋਰ ਦੇਖ ਲਵਾਂਗੇ।' ਪਿਤਾ ਜੀ ਦੇ ਚਿਹਰੇ ਵੱਲ ਦੇਖ ਮੇਰੀਆਂ ਅੱਖਾਂ ਭਰ ਆਈਆਂ। ਅਗਲੇ ਦਿਨ ਪਿਤਾ ਜੀ ਵਾਲੀ ਗੱਲ ਡਾਕਟਰ ਨੂੰ ਕਹਿ ਦਿੱਤੀ। ਡਾਕਟਰ ਨੇ ਮੇਰੀ ਥਾਂ ਕੋਈ ਪ੍ਰਬੰਧ ਨਾ ਕੀਤਾ, ਪਰ ਮੈਨੂੰ ਰੋਕਣ ਦੇ ਪੂਰੇ ਯਤਨ ਕੀਤੇ। ਅੰਤ ਡਾਕਟਰ ਨੇ ਖਿਝ ਕੇ ਕਿਹਾ, 'ਤੈਨੂੰ ਪਤੈ, ਤੇਰੇ ਘਰ ਦੇ ਚੁੱਲ੍ਹੇ ਦੀ ਅੱਗ ਇਸ ਕੰਮ ਨਾਲ ਮੱਚਣੀ ਐ..।'

ਇਹ ਗੱਲ ਮੈਨੂੰ ਕੌੜੀ ਲੱਗੀ। ਮੇਰੇ ਜ਼ਿਹਨ ਵਿੱਚ ਜੌਹਨੀ ਦੇ ਘਰ ਦੇ ਚੁੱਲ੍ਹੇ ਦੀ ਅੱਗ ਘੁੰਮਣ ਲੱਗੀ, ਜੋ ਇਸ ਬੰਦੇ ਨੇ ਬੁਝਾਈ ਸੀ। ਇਹ ਵੀ ਪਤਾ ਸੀ ਕਿ ਜਿਸ ਦਿਨ ਕੋਈ ਹੋਰ ਮੁੰਡਾ ਆ ਗਿਆ, ਮੇਰੀ ਛੁੱਟੀ ਪੱਕੀ ਹੈ। ਵੱਧ ਤਨਖਾਹ ਦੀ ਫਿਰ ਪੇਸ਼ਕਸ਼ ਹੋਈ, ਪਰ ਇਕ ਦਿਨ ਮੈਂ ਹਿਸਾਬ ਕਰਕੇ ਪਿੰਡ ਚਾਲੇ ਪਾ ਦਿੱਤੇ। ਨਵੇਂ ਸਿਰਿਓਂ ਫਿਰ ਕਮਰ ਕੱਸੀ ਅਤੇ ਬੀ ਐਡ ਕਰ ਲਈ, ਹੁਣ ਬੱਚਿਆਂ ਨੂੰ ਪੜ੍ਹਾਉਂਦਾ ਹਾਂ।

# ਕਹਾਣੀ | ਕੂੰਜ

-ਸੁਖਦੇਵ ਸਿੰਘ ਮਾਨ

ਮੇਰੇ ਵੀਰ ਬਲਵੀਰ ਦੇ ਭਵਨ ਵਿੱਚ ਸੰਨਾਟਾ ਹੈ। ਭਵਨ ਦੀ ਇਕ ਨੁੱਕਰੇ ਮੈਂ ਦੁਬਕੀ ਹੋਈ ਹਾਂ। ਮੇਰੇ ਕਮਰੇ ਵਿੱਚ ਅੰਧਕਾਰ ਹੈ। ਹਨੇਰਾ ਮੇਰੀ ਜ਼ਿੰਦਗੀ ਦੇ ਨਾਲ ਚੱਲਦਾ ਹੈ। ਜਦੋਂ ਕੈਂਪ ਵਿੱਚ ਪੰਦਰਾਂ ਵਰ੍ਹਿਆਂ ਦਾ ਨਰਕ ਭੋਗਿਆ, ਉਦੋਂ ਵੀ ਚਾਨਣ ਨਸੀਬ ਨਹੀਂ ਹੋਇਆ। ਹੁਣ ਜਦੋਂ ਪੰਦਰਾਂ ਵਰ੍ਹਿਆਂ ਬਾਅਦ ਕੈਂਪ ਵਿੱਚੋਂ ਰੂਹ ਨੂੰ ਪੱਛ ਦੇਣ ਵਾਲੀਆਂ ਯਾਦਾਂ ਦਾ ਭਾਰ ਲੈ ਕੇ ਆਪਣੇ ਘਰ ਪਰਤੀ ਹਾਂ ਤਾਂ ਰੌਸ਼ਨੀ ਨਹੀਂ, ਹਨੇਰਾ ਹੀ ਮਿਲਿਆ ਹੈ।

ਮਾਂ ਕਮਰੇ ਨੂੰ ਲੱਗੇ ਪਰਦੇ ਖਿੱਚਦੀ ਹੈ। ਉਸ ਦੇ ਹੱਥ ਕੰਬ ਰਹੇ ਹਨ। ਆਵਾਜ਼ ਭਰੜਾਈ ਹੋਈ ਹੈ। ਉਹ ਕੱਲ੍ਹ ਦੀ ਵੀਰ ਬਲਵੀਰ ਨਾਲ ਪਤਾ ਨਹੀਂ ਕਿੰਨੇ ਯੁੱਧ ਲੜ ਚੁੱਕੀ ਹੈ। ਟੀ ਵੀ ਦੀ ਡਿਸ਼ ਨੂੰ ਮਾਂ ਮਰੋੜ ਚੁੱਕੀ ਹੈ। ਉਹ ਪਤਾ ਨਹੀਂ ਮੈਨੂੰ ਕਿਹੜੇ ਸਪਸ਼ਟੀਕਰਨ ਦਿੰਦੀ ਬੋਲਦੀ ਹੈ, 'ਇਹ ਖਬਰਾਂ ਵੀ ਰਾਈ ਦਾ ਪਹਾੜ ਬਣਾ ਦਿੰਦੀਆਂ ਹਨ। ਭਾਣਾ ਵਰਤ ਗਿਆ। ਬੰਦਿਆਂ ਦੀ ਕੱਲਰੀ ਜਿਥੇ ਲਿਖੀ ਹੁੰਦੀ, ਉਥੇ ਭਾਵੀ ਖਿੱਚ ਕੇ ਲੈ ਜਾਂਦੀ ਹੈ। ਯੋਗੀਸ਼ਵਰ ਦੇ ਲੇਖਾਂ 'ਚ ਏਦਾਂ ਲਿਖਿਆ ਸੀ।' ਮਾਂ ਬੇਵਸੀ ਵਿੱਚ ਹੱਥ ਮਲਦੀ ਮੇਰੇ ਵੱਲ ਦੇਖਦੀ ਹੈ। ਉਸ ਦੀਆਂ ਨਜ਼ਰਾਂ ਵਿੱਚ ਓਪਰਾਪਣ ਹੈ।

ਮੈਂ ਬੋਲਣਾ ਚਾਹੁੰਦੀ ਹਾਂ। ਮਾਂ ਮੈਨੂੰ ਚੁੱਪ ਰਹਿਣ ਦੀਆਂ ਨਸੀਹਤ ਦੇ ਰਹੀ ਹੈ, 'ਹੁਣ ਤੂੰ ਬੀਤੀਆਂ ਗੱਲਾਂ ਭੁੱਲਣ ਦਾ ਯਤਨ ਕਰ। ਮੈਨੂੰ ਕੁਝ ਸੋਚਣ ਦਾ ਸਮਾਂ ਦੇ।'

ਮੈਂ ਕੱਲ੍ਹ ਦੀ ਭੁੱਖੀ ਪਿਆਸੀ ਹਾਂ। ਜਿਸ ਤਰ੍ਹਾਂ ਬਲਵੀਰ ਮੈਨੂੰ ਆਪਣੀ ਵੱਡੀ ਕਾਰ ਵਿੱਚ ਕੈਂਪ ਵਿੱਚੋਂ ਲਿਆਇਆ ਸੀ, ਉਹ ਸਮਾਂ ਵੀ ਮੇਰੇ ਲਈ ਦਰਦ ਵਾਲਾ ਸੀ। ਥਾਂ-ਥਾਂ ਪੁਲਸ ਦੇ ਨਾਕੇ ਸਨ। ਅੱਗਾਂ ਲੱਗੀਆਂ ਹੋਈਆਂ ਸਨ। ਕੁਲਹਿਣੀ ਰਾਤ ਸੀ ਉਹ। ਬਲਵੀਰ ਮੋਬਾਈਲ 'ਤੇ ਪਤਾ ਨਹੀਂ ਕਿੱਧਰ-ਕਿੱਧਰ ਹਦਾਇਤਾਂ ਦੇ ਰਿਹਾ ਸੀ। ਪਿਛਲੀ ਸੀਟ ਉਤੇ ਉਸ ਨੇ ਮੈਨੂੰ ਇਸ ਤਰ੍ਹਾਂ ਮੂੰਹ ਸਿਰ ਲਪੇਟ ਕੇ ਬਿਠਾ ਰੱਖਿਆ ਸੀ, ਜਿਵੇਂ ਮੈਂ ਕੋਈ ਅਪਰਾਧਣ ਹੋਵਾਂ। ਜਿਵੇਂ ਮੈਂ ਹੀ ਅੱਗਾਂ ਲਾਈਆਂ ਹੋਣ। ਮੈਂ ਹੀ ਨਾਕੇ ਲਾਏ ਹੋਣ। ਜਿਵੇਂ ਮੈਂ ਬਲਵੀਰ ਦੀ ਸਲਤਨਤ ਨੂੰ ਤਬਾਹ ਕਰ ਦਿੱਤਾ ਹੋਵੇ। ਸਾਰੇ ਰਾਹ ਮੇਰਾ ਮਨ ਭਰ-ਭਰ ਡੁੱਲ੍ਹਦਾ ਰਿਹਾ। ਬਲਵੀਰ ਆਪਣੇ ਭਵਨ ਵਿੱਚ ਪਤਾ ਨਹੀਂ ਕਿਹੜੀਆਂ ਚੋਰ ਮੋਰੀਆਂ ਵਿਚ ਦੀ ਦਾਖਲ ਹੋਇਆ। ਮੇਰੀ ਬਾਂਹ ਮਾਂ ਦੇ ਹੱਥ ਫੜਾ ਉਹ ਆਪ ਪਤਾ ਨਹੀਂ ਕਿੱਧਰ ਹਦਾਇਤਾਂ ਦਿੰਦਾ ਚਲਾ ਗਿਆ।

***

ਮਾਂ ਭਵਨ ਦੇ ਕਮਰੇ ਵਿੱਚ ਫਿਰ ਪਰਤ ਆਈ। ਰੌਸ਼ਨੀ ਦੀ ਇਕ ਕਿਰਨ ਕਮਰੇ ਵਿੱਚ ਰਿਸ ਆਈ। ਮਾਂ ਕਿਰਨ ਨੂੰ ਖਤਮ ਕਰਨ ਲਈ ਪਰਦਾ ਹੋਰ ਤਾਣ ਦਿੰਦੀ ਹੈ। ਮੈਨੂੰ ਕੈਂਪ ਵਿੱਚ ਦੇਖੀ ਉਸ ਯਹੂਦੀ ਮੁੰਡੇ ਦੀ ਤਸਵੀਰ ਯਾਦ ਆਈ ਜਿਹੜਾ ਨਾਜ਼ੀ ਜੇਲ੍ਹ ਵਿੱਚ ਯੱਖ ਕਰ ਦੇਣ ਵਾਲੀ ਸਰਦ ਰਾਤ ਵਿੱਚ ਅਰਧ ਚੰਦਰਮਾ ਦੀ ਤਸਵੀਰ ਕੰਧ ਉਤੇ ਵਾਹ ਕੇ ਆਜ਼ਾਦੀ ਲਈ ਤਾਂਘਦਾ ਹੈ। ਮੈਂ ਹਾਉਕਾ ਭਰਦੀ ਹਾਂ। ਵਕਤ ਦੀ ਪਈ ਮਾਰ ਬੰਦੇ ਨੂੰ ਕਿਵੇਂ ਤੂੰਬਾ-ਤੂੰਬਾ ਕਰਕੇ ਉਡਾਉਂਦੀ ਹੈ, ਇਹ ਕੋਈ ਮੇਰੇ ਕੋਲੋਂ ਪੁੱਛੇ।

ਮਾਂ ਅਗਲਾ ਨਾਟਕ ਕੀ ਕਰੇਗੀ, ਇਹ ਦੇਖਣ ਲਈ ਮੈਂ ਥਕਾਵਟ, ਪਿਆਸ ਅਤੇ ਉਨੀਂਦਰੇ ਨਾਲ ਭਰੀਆਂ ਅੱਖਾਂ ਉਘਾੜਦੀ ਹਾਂ। ਛੋਟੀ ਹੁੰਦੀ ਕਸਬੇ ਦੀਆਂ ਕੁੜੀਆਂ ਨਾਲ ਮੰਡੀ 'ਚ ਨਾਟਕ ਦੇਖਣ ਜਾਇਆ ਕਰਦੀ ਸਾਂ। ਬਿਲਕੁਲ ਇਸ ਕਮਰੇ ਵਿੱਚ ਤਣੇ ਪਰਦਿਆਂ ਵਰਗੇ ਕੱਪੜੇ ਦੇ ਖਿਸਕਣ ਦਾ ਅਸੀਂ ਕੁੜੀਆਂ ਪੱਬਾਂ ਭਾਰ ਹੋ ਕੇ ਇੰਤਜ਼ਾਰ ਕਰਦੀਆਂ। ਅੱਜ ਮੈਂ ਖੁਦ ਪਰਦਿਆਂ ਓਹਲੇ ਸਿਮਟੀ ਪਰਦਾ ਖਿਸਕਣ ਦਾ ਇੰਤਜ਼ਾਰ ਕਰ ਰਹੀ ਹਾਂ। ਮੈਂ ਆਪਣਾ ਸਰੀਰ ਟੋਂਹਦੀ ਹਾਂ, ਇਹ ਪਤਾ ਕਰਨ ਲਈ ਕਿ ਮੈਂ ਜ਼ਿੰਦਾ ਵੀ ਹਾਂ ਜਾਂ ਮਰ ਰਹੀ ਹਾਂ।

ਦੇਹ 'ਚੋਂ ਗਿਲਾਨੀ ਮਹਿਸੂਸ ਹੁੰਦੀ ਹੈ, ਜਿਵੇਂ ਮੈਨੂੰ ਕਿਸੇ ਨਾਗਣ ਨੇ ਡੱਸਿਆ ਹੋਵੇ। ਇਸ ਗਿਲਾਨੀ ਬਾਰੇ ਸੋਚ ਕੇ ਅੱਖਾਂ ਫਿਰ ਭਰ ਆਈਆਂ। ਕੈਂਪ ਵਿੱਚ ਮੈਂ ਗਜ਼ਨਵੀ ਦਾ ਇਤਿਹਾਸ ਪੜ੍ਹਿਆ ਕਰਦੀ ਸੀ ਕਿ ਧੀਆਂ ਭੈਣਾਂ ਗਜ਼ਨੀ ਦੀਆਂ ਗਲੀਆਂ 'ਚ ਟਕੇ-ਟਕੇ ਦੀਆਂ ਵਿਕੀਆਂ ਸਨ। ਰੋਂਦੀਆਂ, ਮੂੰਹ ਸਿਰ ਲਪੇਟੀ, ਗਲਾਜ਼ਤ ਦੀਆਂ ਭਰੀਆਂ ਧੀਆਂ ਭੈਣਾਂ ਦਾ ਰੂਹ ਨੂੰ ਪੱਛ ਦੇਣ ਵਾਲਾ ਇਤਿਹਾਸ। ਮੈਂ ਕੈਂਪ ਵਿੱਚ ਰੋਮ ਦੇ ਗੁਲਾਮਾਂ ਦੇ ਦੁੱਖਾਂ ਦੇ ਇਤਿਹਾਸ ਦੀਆਂ ਪੁਸਤਕਾਂ ਦੇ ਪੰਨੇ ਪਲਟੇ ਸਨ। ਹਲਟੀਆਂ, ਗੇੜਦੇ ਗੁਲਾਮ ਮੈਨੂੰ ਕੋਹਲੂ ਦੇ ਬੈਲ ਵਰਗੇ ਜਾਪਦੇ, ਜਿਸ ਦੀਆਂ ਅੱਖਾਂ 'ਤੇ ਮਾਲਕ ਖੋਪੇ ਚਾੜ੍ਹ ਦਿੰਦਾ ਹੈ। ਆਪਣਾ ਸਰੀਰ, ਅੰਤਰ ਆਤਮਾ ਮਾਲਕ ਨੂੰ ਸੌਂਪ ਦੇਣ ਵਾਲੇ ਹੀ ਗੁਲਾਮ ਹੁੰਦੇ ਹਨ। ਜਾਗਦੀ ਜ਼ਮੀਰ ਵਾਲੇ ਤਾਂ ਸਿਰਾਂ ਧੜਾਂ ਦੀ ਬਾਜ਼ੀ ਲਾ ਕੇ ਤਖਤਾਂ ਦੇ ਪਾਵੇ ਹਿਲਾ ਦਿੰਦੇ ਹਨ। ਇਹ ਮੈਂ ਕੈਂਪ ਵਿੱਚ ਮਹਿਸੂਸ ਕਰਦੀ ਹੁੰਦੀ ਸੀ।

***

ਉਦੋਂ ਮੈਂ ਸਤਾਰਾਂ ਸਾਲ ਦੀ ਸੀ, ਜਦੋਂ ਵੀਰ ਬਲਵੀਰ ਦੀ ਕਬੀਲਦਾਰੀ ਕੱਕੇ ਰੇਤੇ ਦੇ ਟਿੱਬਿਆਂ ਵਾਂਗ ਰੋਜ਼ ਰੂਪ ਬਦਲਦੀ ਸੀ। ਉਸ ਦੀ ਜ਼ਮੀਨ ਸੁੰਗੜ ਰਹੀ ਸੀ ਤੇ ਮੈਂ ਵੇਲ ਵਾਂਗ ਵਧ ਰਹੀ ਸੀ। ਬਲਵੀਰ ਟਿੱਬਿਆਂ ਨੂੰ ਦੇਖ-ਦੇਖ ਰੋਂਦਾ। ਆਏ ਸਾਲ ਖੇਤੀ ਘਾਟਾ ਦੇ ਜਾਂਦੀ। ਮਾਂ ਤੇ ਬਲਵੀਰ ਇਕ ਦਿਨ ਉਚੀ ਪੜ੍ਹਾਈ ਦਾ ਸੁਪਨਾ ਦਿਖਾ ਕੇ ਮੈਨੂੰ ਕੈਂਪ 'ਚ ਛੱਡ ਆਏ। ਉਥੇ ਜਾ ਕੇ ਇਕ ਵਾਰੀ ਮੈਂ ਮਹਿਸੂਸ ਕੀਤਾ ਕਿ ਮੈਂ ਆਪਣੀ ਵਿੱਦਿਆ ਦੀ ਮੰਜ਼ਿਲ ਪਾ ਲਵਾਂਗੀ, ਪਰ ਅਣਹੋਣੀਆਂ ਮੇਰੇ ਕਮਰੇ ਦੇ ਦਰਵਾਜ਼ੇ ਨੇੜੇ ਹੀ ਘੁੰਮਣ ਲੱਗੀਆਂ। ਬਾਕੀ ਕੁੜੀਆਂ ਨਾਲੋਂ ਮੇਰਾ ਕੱਦ ਲੰਬਾ ਸੀ। ਯੋਗੀਸ਼ਵਰ ਮੇਰੇ ਕਿਤਾਬਾਂ 'ਚ ਖੁੱਭਣ ਵਾਲੇ ਦੋ ਘੰਟੇ ਚਿੜੀ ਬੱਲੇ 'ਤੇ ਬਰਬਾਦ ਕਰਵਾ ਦਿੰਦਾ। ਉਹ ਚਿੜੀ ਨੂੰ ਸ਼ਾਟ ਦਿੰਦਾ ਤਾਂ ਉਸ ਦਾ ਪਰਛਾਵਾ ਮੇਰੇ ਉਤੇ ਪੈ ਜਾਂਦਾ। ਮੈਂ ਤ੍ਰਭਕ ਜਾਂਦੀ। ਦਿਮਾਗ ਵਿੱਚ ਹਲਚਲ ਪੈਦਾ ਕਰਦੇ ਵਿਚਾਰਾਂ ਨੂੰ ਰੱਦ ਕਰਨ ਲਈ ਮੈਂ ਕਿਤਾਬਾਂ ਦੇ ਪੰਨੇ ਪਲਟਦੀ। ਯੋਗੀਸ਼ਵਰ ਕੈਂਪ 'ਚ ਸਾਨੂੰ ਪ੍ਰਵਚਨ ਕਰਦਾ-

''ਤੁਸੀਂ ਆਪਣੇ ਗੁਨਾਹਾਂ ਦੀ ਪੰਡ ਮੇਰੀ ਝੋਲੀ ਪਾ ਦੇਵੋ। ਸੁਤੰਤਰ ਅਤੇ ਸ਼ੁੱਧ ਆਤਮਾ ਪਾ ਕੇ ਭਾਰ ਮੁਕਤ ਹੋ ਜਾਵੇ। ਆਤਮਾ 'ਤੇ ਤਿਣਕਾ ਮਾਤਰ ਭਾਰ ਵੀ ਬੜੀ ਤਕਲੀਫ ਦਿੰਦਾ ਹੈ।''

ਪ੍ਰਵਚਨ ਵੇਲੇ ਮੈਂ ਅੱਖਾਂ ਮੀਟ ਲੈਂਦੀ, ਪਰ ਮੇਰਾ ਦਿਲ ਜ਼ੋਰ ਜ਼ੋਰ ਦੀ ਧੜਕਦਾ। ਮੇਰੇ ਅੰਦਰ ਅੰਤਰ ਯੁੱਧ ਚੱਲਦਾ, ਜੇ ਆਤਮਾ ਬੋਝ ਮੁਕਤ ਹੈ ਤਾਂ ਯੋਗੀਸ਼ਵਰ ਦਾ ਪਰਛਾਵਾਂ ਕਿਉਂ ਡਰਾਉਂਦਾ ਹੈ? ਇਸ ਸਵਾਲ ਦਾ ਜਵਾਬ ਕੈਂਪ ਵਿੱਚੋਂ ਨਾ ਮਿਲਿਆ। ਮੈਂ ਬਾਗੀ ਹੋ ਗਈ। ਕੈਂਪ ਛੱਡ ਪਿੰਡ ਨੂੰ ਦੌੜ ਆਈ। ਮੈਨੂੰ ਦੇਖ ਕੇ ਬਲਵੀਰ ਹੱਕਾ ਬੱਕਾ ਰਹਿ ਗਿਆ। ਮੈਂ ਮਾਂ ਦੇ ਗਲ ਲੱਗ ਰੋਣ ਲੱਗੀ।

''ਤੂੰ ਸੂਰਜ ਨੂੰ ਕਲੰਕ ਲਾਉਂਦੀ ਏਂ। ਤੂੰ ਕੁਫਰ ਤੋਲਦੀ ਏਂ। ਤੂੰ ਆਸਥਾ ਦੇ ਨਾਂ ਉਤੇ ਕਲੰਕ ਏਂ। ਤੇਰੀ ਜੀਭ ਸੜ ਜਾਏ ਸੱਤੀਏ!'' ਬਲਵੀਰ ਮੈਨੂੰ ਬਦਦੁਆਵਾਂ ਦੇਣ ਲੱਗਿਆ। ਮੈਂ ਕੈਂਪ ਬਾਰੇ ਬਹਿਸਦੀ ਰਹੀ। ਬਲਵੀਰ ਮੈਨੂੰ ਧੂਹ ਕੇ ਫਿਰ ਕੈਂਪ ਵਿੱਚ ਛੱਡ ਆਇਆ। ਮੇਰੇ ਬਾਗੀ ਰੌਂਅ ਨੂੰ ਕੈਂਪ ਵਾਲੇ ਤਾੜ ਗਏ। ਮੇਰੇ 'ਤੇ ਸਖਤੀ ਹੋ ਗਈ। ਮੇਰੀ ਆਤਮਾ ਅੰਦਰਲਾ ਬਾਗੀ ਤੱਤ ਵਿਸ਼ ਘੋਲਦਾ ਰਹਿੰਦਾ। ਮੈਂ ਘਰ ਦੇ ਜੀਆਂ ਬਾਰੇ ਸੋਚਣਾ ਛੱਡ ਦਿੱਤਾ। ਤੂੰਬਾ-ਤੂੰਬਾ ਉਡਦੀ ਜਿੰਦ ਨੂੰ ਇਕ ਵਿਚਾਰ ਆਸਰਾ ਦਿੰਦਾ, ਬੰਦੇ ਦੀਆਂ ਦੱਸ ਦੇਹੀਆਂ ਹਨ, ਇਕ ਵਿਹਾਅ ਵੀ ਗਈ ਤਾਂ ਕੀ ਹੋਇਆ? ਮੈਂ ਜੀਵਾਂਗੀ ਜਾਂ ਮੱਥੇ 'ਚ ਗੋਲੀ ਖਾ ਕੇ ਮਰ ਜਾਵਾਂਗੀ। ਮੈਨੂੰ ਸੁਪਨਿਆਂ 'ਚ ਦਿਸਦਾ ਜਿਵੇਂ ਕੋਈ ਅਗਿਆਤ ਹੱਥ ਮੇਰੇ ਵਰਗੀ ਕੁੜੀ ਨੂੰ ਕੁਟੀਆ ਕੋਲ ਦੀ ਵਗਦੀ ਵੈਤਰਣੀ ਵਿਚ ਦੀ ਯੋਗੀਸ਼ਵਰ ਵੱਲ ਧੂਹ ਰਿਹਾ ਹੋਵੇ..।

***

ਇਹ ਰਾਤ ਬੜੀ ਕੁਲਹਿਣੀ ਸੀ। ਬੜੀ ਡਰਾਵਣੀ। ਯੋਗੀਸ਼ਵਰ ਬਦਾਮਾਂ ਦੇ ਬਾਗ ਵਿੱਚ ਟਹਿਲਦਾ ਫਿਰਦਾ ਸੀ। ਬਿਲਕੁਲ ਇਕੱਲਾ। ਚੰਨ ਦੀ ਚਾਨਣੀ ਬਦਾਮਾਂ ਦੇ ਬੂਟਿਆਂ 'ਚੋਂ ਝਰ-ਝਰ ਉਸ ਦੇ ਮੁਕਟ 'ਤੇ ਪੈ ਰਹੀ ਸੀ। ਵੈਤਰਣੀ ਕਿਨਾਰੇ ਖੜੀ ਮੈਂ ਸੋਚ ਰਹੀ ਸਾਂ, ਅੱਜ ਅਗਿਆਤ ਹੱਥ ਕਿਸ ਅਬਲਾ ਨੂੰ ਧੂਹੇਗਾ। ਇੰਨੇ ਨੂੰ ਅਚਾਨਕ ਬਦਾਮਾਂ ਦੇ ਬੂਟੇ 'ਚੋਂ ਨਾਗਣ ਨੇ ਫੁੰਕਾਰਾ ਮਾਰਿਆ। ਯੋਗੀਸ਼ਵਰ ਕੰਬ ਗਿਆ। ਨਾਗਣ ਅੱਗੇ ਵਧੀ। ਨਾਗਣ ਦਾ ਭਰਵਾਂ ਡੰਗ ਯੋਗੀਸ਼ਵਰ ਨੂੰ ਪਿਆ। ਉਹ ਲੜਖੜਾਇਆ। ਕੱਚੇ ਬਦਾਮਾਂ ਦੇ ਗੁੱਛਿਆਂ ਨੂੰ ਹੱਥ ਪਾਉਂਦਾ ਕੁਟੀਆ ਵੱਲ ਦੌੜਦਾ ਮੂਧੇ ਮੂੰਹ ਜਾ ਡਿੱਗਿਆ। ਮੂੰਹ 'ਚੋਂ ਝੱਗ ਵਗਣ ਲੱਗੀ। ਦੇਹ ਨੀਲੀ ਪੈ ਗਈ। ਕੈਂਪ 'ਚ ਹਾਹਾਕਾਰ ਮੱਚ ਗਈ। ਨਾਗਣ ਬਦਾਮਾਂ ਦੇ ਬਾਗ ਤੱਕ ਪੁੱਜ ਕਿਵੇਂ ਗਈ? ਪੈਰੋਕਾਰਾਂ ਨੂੰ ਇਹ ਸਾਜ਼ਿਸ਼ ਜਾਪੀ। ਉਹ ਭੜਕ ਗਏ..।

***

ਮਾਂ ਬਲਵੀਰ ਨਾਲ ਇਕ ਹੋਰ ਯੁੱਧ ਲੜ ਕੇ ਕਮਰੇ ਵਿੱਚ ਪਰਤੀ ਹੈ। ਬਲਵੀਰ ਦੇ ਹੱਥਾਂ 'ਚ ਅਖਬਾਰ ਦੇ ਪੰਨੇ ਖੜਕ ਰਹੇ ਹਨ। ਉਹ ਉਚੀ ਆਵਾਜ਼ 'ਚ ਰੌਲਾ ਪਾ ਰਿਹਾ ਹੈ, ''ਮਾਂ, ਤੁਸੀਂ ਮੇਰੀ ਇਕ ਨਾ ਮੰਨੀ। ਮੇਰੇ ਕੋਲ ਕੈਂਪ ਬਾਰੇ ਮਾੜੀਆਂ ਕਨਸੋਆਂ ਰੋਜ਼ ਆਉਂਦੀਆਂ ਸੀ। ਹੁਣ ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਰਹੇ। ਲੋਕਾਂ ਦਾ ਮੈਂ ਮੂੰਹ ਫੜ ਲਵਾਂ ਜਾਂ ਕਤਲ ਕਰ ਦਿਆਂ?'' ਉਹ 'ਤੁਸੀਂ' ਸ਼ਬਦ ਵਰਤ ਕੇ ਮੈਨੂੰ ਵੀ ਗੁਨਾਹ 'ਚ ਧੂਹ ਰਿਹਾ ਹੈ। ਮੈਂ ਹੈਰਾਨ ਹਾਂ, ਉਸ ਦੇ ਧੜ 'ਤੇ ਮੂੰਹ ਕਦੋਂ ਦਾ ਲੱਗਿਆ ਹੈ, ਜਿਸ ਨੂੰ ਲੋਕਾਂ ਤੋਂ ਲੁਕਾਉਣ ਦੀ ਨੌਬਤ ਆ ਗਈ? ਰਿਸ਼ਤੇ ਗਿਰਗਿਟ ਵਾਂਗ ਰੰਗ ਬਦਲਦੇ ਹਨ, ਇਹ ਮੈਂ ਬਲਵੀਰ ਵਿਚ ਦੀ ਦੇਖ ਰਹੀ ਹਾਂ। ਇਹ ਉਹੀ ਬਲਵੀਰ ਹੈ, ਜੋ ਯੋਗੀਸ਼ਵਰ ਖਿਲਾਫ ਇਕ ਲਫਜ਼ ਵੀ ਬਰਦਾਸ਼ਤ ਨਹੀਂ ਕਰਦਾ ਸੀ। ਦਰਅਸਲ ਯੋਗੀਸ਼ਵਰ ਨੇ ਹੀ ਉਸ ਦਾ ਸ਼ੋਅਰੂਮ ਚਲਵਾ ਕੇ ਦਿੱਤਾ। ਯੋਗੀਸ਼ਵਰ ਦੀ ਨਜ਼ਰ ਸਵੱਲੀ ਹੋਈ ਤਾਂ ਉਸ ਦੇ ਟਿੱਬਿਆਂ 'ਚ ਉਗੇ ਕੌੜੇ ਬਦਾਮ ਲੱਖਾਂ ਦੇ ਵਿਕਣ ਲੱਗੇ। ਉਹ ਮਹਿੰਗੀ ਗੱਡੀ 'ਚ ਘੁੰਮਦਾ। ਸਿਆਸੀ ਲੋਕਾਂ ਨੂੰ ਉਂਗਲਾਂ 'ਤੇ ਨਚਾਉਂਦਾ।

'ਮੈਂ ਬਾਗੀ ਹੋ ਕੇ ਕੈਂਪ ਛੱਡਿਆ ਤਾਂ ਮੈਨੂੰ ਧੂਹ ਕੇ ਛੱਡ ਕੇ ਕੌਣ ਆਇਆ?' ਬਲਵੀਰ ਨੂੰ ਮੈਂ ਪੁੱਛਣਾ ਚਾਹੁੰਦੀ ਹਾਂ।

ਬਲਵੀਰ ਦੀ ਹਰਖੀ ਆਵਾਜ਼ ਸੁਣ ਕੇ ਮਾਂ ਅਫਸੋਸ 'ਚ ਸਿਰ ਮਾਰਦੀ ਹੈ। ਖੂਨ ਦੇ ਰਿਸ਼ਤੇ ਹੀ ਸਭ ਤੋਂ ਵੱਧ ਖੂਨ ਪੀਂਦੇ ਨੇ। ਮੇਰੀਆਂ ਅੱਖਾਂ ਗੁੱਸੇ ਨਾਲ ਭਰ ਗਈਆਂ। ਮਾਂ ਨੇ ਅਗਲਾ ਹੁਕਮ ਸੁਣਾ ਦਿੱਤਾ, ''ਸੱਤੀ, ਬਲਵੀਰ ਤੈਨੂੰ ਭਵਨ 'ਚ ਕਿਸੇ ਹੀਲੇ ਰੱਖਣਾ ਨਹੀਂ ਚਾਹੁੰਦਾ।'' ਮੇਰੇ ਅੰਦਰਲੀ ਬਾਗੀ ਸੱਤੀ ਨੇ ਹੁੰਕਾਰ ਭਰੀ, 'ਬਲਵੀਰ, ਮੇਰੀਆਂ ਕਿੰਨੇ ਥਾਂ ਬੋਲੀਆਂ ਲਾਵੇਗਾ। ਆਪਣੀ ਸਲਤਨਤ ਲਈ ਮੈਨੂੰ ਕਿੰਨੇ ਥਾਂ ਵੇਚੇਗਾ?'

''..''

ਜਿਵੇਂ ਚੀਰਹਰਨ ਵੇਲੇ ਦਰੋਪਦੀ ਦੇ ਸਵਾਲਾਂ ਦਾ ਕੋਈ ਜਵਾਬ ਨਹੀਂ ਮਿਲਿਆ ਸੀ, ਮੈਨੂੰ ਵੀ ਨਾ ਮਿਲਿਆ। ਮਾਂ ਨੇ ਦੋਸ਼ੀਆਂ ਵਾਂਗ ਨੀਵੀਂ ਪਾ ਲਈ।

***

ਮੈਂ ਮੁਰੱਬਿਆਂ ਵਾਲੇ ਦੁਹਾਜੂ ਸਰਦਾਰ ਦੇ ਵਸਣ ਲੱਗੀ। ਸਰਦਾਰ ਦੇ ਦੂਰ ਤੱਕ ਫੈਲੇ ਟਿੱਬੇ ਹਨ। ਛੋਲਿਆਂ ਦੇ ਖੇਤ ਹਨ। ਸਰਦਾਰ ਦੇ ਵਸਦਿਆਂ ਮੈਂ ਨੌਂ ਦੇਹੀਆਂ ਦੀ ਤਲਾਸ਼ ਲਈ ਮਨੋਰਥ ਪੈਦਾ ਕਰ ਲਿਆ। ਸਰਦਾਰ ਦੀ ਜ਼ਮੀਨ ਵਾਹੁੰਦੇ ਗਰੀਬ ਕਿਸਾਨਾਂ ਦੇ ਬੱਚਿਆਂ ਨੂੰ ਮੁਫਤ ਪੜ੍ਹਾਉਣ ਦਾ ਮਨੋਰਥ ਤਾਂ ਜੋ ਅੰਧਕਾਰ 'ਚ ਫਸੇ ਬੱਚਿਆਂ ਦੇ ਮਾਪੇ ਇਨ੍ਹਾਂ ਨੂੰ ਕਿਸੇ ਵੈਤਰਣੀ ਵੱਲ ਨਾ ਧੱਕਣ। ਮੈਂ ਨਿੱਘੀ ਧੁੱਪ 'ਚ ਖੂਬਸੂਰਤ ਸੁਪਨਾ ਉਣ ਰਹੀ ਹਾਂ। ਸਾਹਮਣੇ ਖੇਤ 'ਚ ਇਕ ਕੂੰਜ, ਡਾਰ ਤੋਂ ਵੱਖਰੀ ਛੋਲਿਆਂ ਦੇ ਖਟਾਸ ਭਰੇ ਪੱਤੇ ਚੁਗ ਰਹੀ ਹੈ। ਮੈਨੂੰ ਆਪਣਾ ਆਪ ਕੂੰਜ ਵਰਗਾ ਜਾਪਿਆ, ਜੋ ਖੁੱਲ੍ਹੇ ਆਕਾਸ਼ ਵਿੱਚ ਉਡ ਸਕਦੀ ਹੈ, ਲੋੜ ਜ਼ਿੰਦਗੀ 'ਚ ਮਿਲੀਆਂ ਹਾਰਾਂ ਨਾਲ ਦੋ ਹੱਥ ਕਰਨ ਦੀ ਹੈ। ਮੇਰਾ ਸੋਹਣਾ ਖਿਆਲ ਗੋਲੀ ਦੇ ਖੜਾਕ ਨਾਲ ਭੰਗ ਹੋ ਗਿਆ। ਸਰਦਾਰ ਨੇ ਮਰਦਊਪੁਣਾ ਦਿਖਾਉਣ ਲਈ ਕੂੰਜ 'ਤੇ ਨਿਸ਼ਾਨਾ ਸਾਧਿਆ ਹੈ। ਚੌਕੰਨੀ ਕੂਜ ਆਪਣੀ ਡਾਰ ਵੱਲ ਉਡ ਗਈ। ਮੇਰਾ ਪਾਰਾ ਚੜ੍ਹ ਗਿਆ। ਮੈਂ ਸਰਦਾਰ ਦੀ ਦੁਨਾਲੀ ਖਿੱਚ ਲਈ। ਮੇਰੇ ਤੇਵਰ ਤੱਕ ਕੇ ਸਰਦਾਰ ਇਕ ਵਾਰੀ ਤਾਂ ਡੈਂਬਰਿਆਂ ਵਾਂਗ ਮੇਰੇ ਵੱਲ ਝਾਕਿਆ, ਫਿਰ ਰੋਮਾਂਟਿਕ ਗੱਲਾਂ ਕਰਨ ਲੱਗਾ। ਉਸ ਦੀ ਕਲਫ ਰੰਗੀ ਦਾੜ੍ਹੀ ਦੇ ਕਰਚਿਆਂ 'ਚੋ ਚਿੱਟੇ ਝਾਕ ਰਹੇ ਹਨ। ਉਹ ਧੁੱਪ ਵਾਲੇ ਪਾਸੇ ਘੁੰਮਿਆ ਤਾਂ ਮੇਰੇ 'ਤੇ ਛਾਂ ਪੈਣ ਲੱਗੀ। ਮੈਂ ਫਿਰ ਤੋਂ ਖੂਬਸੂਰਤ ਸੁਪਨੇ ਨਾਲ ਜੁੜਨ ਲਈ ਨਿਮਰਤਾ ਤੇ ਸਖਤੀ ਦੇ ਰਲੇ ਮਿਲੇ ਭਾਵ ਨਾਲ ਕਿਹਾ, 'ਸਰਦਾਰਾ, ਪਾਸੇ ਹਟ। ਧੁੱਪ ਆਉਣ ਦੇ।'



# ਵਿਅੰਗ ਮਾਂ ਬੋਲੀ ਦਾ ਸਪੂਤ

–ਬਲਰਾਜ ਸਿੰਘ

ਮਾਸਟਰ ਝੰਡਾ ਸਿੰਘ ਜੀ ਜਦੋਂ ਦੇ ਸੇਵਾ ਮੁਕਤ ਹੋਏ ਸਨ, ਉਨ੍ਹਾਂ ਨੂੰ ਆਪਣੀ ਮਾਂ ਬੋਲੀ ਨਾਲ ਪਹਿਲਾਂ ਨਾਲੋਂ ਹਜ਼ਾਰਾਂ ਗੁਣਾਂ ਵਧੇਰੇ ਮੋਹ ਹੋ ਗਿਆ ਸੀ। ਅਖ਼ਬਾਰਾਂ ਤੇ ਮੈਗਜ਼ੀਨ ਉਹ ਪਹਿਲਾਂ ਵੀ ਪੜ੍ਹਦੇ ਸਨ, ਹੁਣ ਵਿਹਲੇ ਹੋਣ ਕਾਰਨ ਪੰਜਾਬੀ ਦੀਆਂ ਭਾਂਤ-ਭਾਂਤ ਦੀਆਂ ਡਿਕਸ਼ਨਰੀਆਂ ਤੇ ਕੋਸ਼ਾਂ ਨਾਲ ਵੀ ਮੱਥਾ-ਪੱਚੀ ਕਰੀ ਜਾਂਦੇ ਸਨ। ਜਦੋਂ ਉਨ੍ਹਾਂ ਨੇ ਭਾਈ ਕਾਨ੍ਹ ਸਿੰਘ ਨਾਭਾ ਦਾ ਮਹਾਨ ਕੋਸ਼ ਵਾਚਿਆ ਤਾਂ ਉਨ੍ਹਾਂ ਦੀ ਵਿਦਵਤਾ ਜਾਣ ਕੇ ਅਸ਼-ਅਸ਼ ਕਰ ਉਠੇ। ਭਾਈ ਸਾਹਿਬ ਨੇ ਕਈ ਸ਼ਬਦਾਂ ਦੇ ਪੰਜਾਹ-ਪੰਜਾਹ ਅਰਥ ਦੱਸੇ ਸਨ। ਉਨ੍ਹਾਂ ਨੂੰ 60 ਸਾਲਾਂ ਬਾਅਦ ਇਸ ਗੱਲ ਦਾ ਇਲਮ ਹੋਇਆ ਕਿ 'ਬਾਜ' ਨਾਂਅ ਦਾ ਪੰਛੀ ਨਰ ਨਹੀਂ, ਸਗੋਂ ਮਦੀਨ ਹੁੰਦਾ ਹੈ। ਨਰ ਦਾ ਨਾਂਅ 'ਜੁਰੱਰਹ' ਹੁੰਦਾ ਹੈ। ਮਹਾਨ ਕੋਸ਼ ਵਿੱਚ 65000 ਸ਼ਬਦਾਂ ਵਿੱਚੋਂ ਜਿਹੜਾ ਵੀ ਉਹ ਪੜ੍ਹਦੇ ਸਨ, ਉਹੀ ਉਨ੍ਹਾਂ ਲਈ ਗੂੜ੍ਹ ਗਿਆਨ ਦੇ ਨਵੇਂ-ਨਵੇਂ ਤਲਿਸਮੀ ਦਰਵਾਜ਼ੇ ਖੋਲ੍ਹ ਜਾਂਦਾ ਸੀ। ਆਪਣੇ ਇਸ ਗੂੜ੍ਹ ਗਿਆਨ ਸਦਕਾ ਉਹ ਹੁਣ ਮਾਂ ਬੋਲੀ ਦੀ ਸੇਵਾ ਤੇ ਵਿਕਾਸ ਲਈ ਹਰ ਸਮੇਂ ਤੱਤਪਰ ਰਹਿੰਦੇ ਸਨ। ਜਿੱਥੇ ਚਾਰ ਬੰਦੇ ਦੇਖਦੇ, ਮਾਂ ਬੋਲੀ ਦੇ ਹੱਕ ਵਿੱਚ ਧਾਰਾ ਪ੍ਰਵਾਹ ਭਾਸ਼ਣ ਦੇਣ ਲੱਗ ਪੈਂਦੇ।

ਉਹ ਇਹੋ ਆਖਦੇ ਕਿ ਇਹ ਨਿਗੁਣੀ ਭਾਸ਼ਾ ਨਹੀਂ, ਇਹ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਭਾਸ਼ਾ ਹੈ। ਬਾਬਾ ਫਰੀਦ ਤੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਇਲਾਹੀ ਬਾਣੀ ਇਸੇ ਭਾਸ਼ਾ ਵਿੱਚ ਲਿਖੀ ਸੀ। ਬਾਬਾ ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਸ਼ਾਹ ਹੁਸੈਨ, ਕਾਦਰਯਾਰ ਤੇ ਦਮੋਦਰ ਵਰਗੇ ਕਵੀਆਂ ਨੇ ਇਸੇ ਭਾਸ਼ਾ ਰਾਹੀਂ ਅਮਰ ਰਚਨਾਵਾਂ ਦੀ ਸਿਰਜਣਾ ਕੀਤੀ ਸੀ। ਅਸੀਂ ਲੋਕ ਆਪਣੀ ਫੋਕੀ ਟੌਹਰ ਖਾਤਰ ਮਾਂ ਬੋਲੀ ਨੂੰ ਆਪਣੀ ਸਕੀ ਨਹੀਂ, ਸਗੋਂ ਮਤਰੇਈ ਮਾਂ ਸਮਝਦੇ ਹਾਂ। ਭੋਰਾ-ਭੋਰਾ ਜੁਆਕਾਂ ਨੂੰ ਅੰਗਰੇਜ਼ੀ ਦੇ ਖਲਜਗਣਾਂ 'ਚ ਪਾਈ ਜਾਨੇ ਆਂ। ਕੁੱਤੇ ਨੂੰ ਡੌਗੀ, ਬਿੱਲੀ ਨੂੰ ਕੈਟੀ, ਗੇਂਦ ਨੂੰ ਬਾਲ, ਮੇਜ਼ ਨੂੰ ਟੇਬਲ, ਕੁਰਸੀ ਨੂੰ ਚੇਅਰ ਕਹਿਣਾ ਸਿਖਾ ਕੇ ਜੰਮਦੇ ਜੁਆਕਾਂ ਨੂੰ ਅੰਗਰੇਜ਼ੀ ਲੜ ਲਾ-ਲਾ ਪੁੱਠੀਆਂ ਭੁਆਟਣੀਆਂ ਦੇਈ ਜਾਨੇ ਆਂ। ਮਾਂ ਬੋਲੀ ਨੂੰ ਬਾਹਰਲੇ ਫਿਰੰਗੀਆਂ ਤੋਂ ਨਹੀਂ, ਅੰਗਰੇਜ਼ੀ 'ਚ ਰੰਗੇ ਆਪਣੇ ਫੁਕਰੇ ਲੋਕਾਂ ਹੀ ਖਤਰਾ ਹੈ। ਅਸੀਂ ਪੰਜਾਬੀ ਦੇ ਪ੍ਰਚਾਰ ਲਈ ਫੋਕੇ ਦਮਗਜੇ ਮਾਰਦੇ ਫਿਰਦੇ ਅਤੇ ਹੱਥਾਂ ਵਿੱਚ ਬੈਨਰ ਫੜ ਕੇ ਨਾਅਰੇ ਲਾਉਂਦੇ ਹਾਂ, ਪਰ ਸਾਡੇ ਬੱਚੇ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਦੇ ਆ। ਪੰਜਾਬੀ ਬੋਲਣ 'ਤੇ ਝਿੜਕਾਂ ਖਾਂਦੇ ਆ। ਸਾਨੂੰ ਕਹਿਣੀ ਤੇ ਕਥਨੀ ਦਾ ਅੰਤਰ ਮਿਟਾਉਣਾ ਚਾਹੀਦੈ।

ਸਾਡੀ ਮਾਂ ਬੋਲੀ ਦਾ ਵਿਸ਼ੇਸ਼ ਰੁਤਬਾ ਹੈ। ਸਾਡੀ ਪੰਜਾਬੀ ਭਾਸ਼ਾ ਸੰਸਾਰ ਦੀਆਂ 6800 ਭਾਸ਼ਾਵਾਂ ਵਿੱਚ 11ਵੇਂ ਨੰਬਰ 'ਤੇ ਹੈ, 13 ਕਰੋੜ ਲੋਕ ਇਹ ਭਾਸ਼ਾ ਬੋਲਦੇ ਹਨ। ਇਸ ਦਾ ਕੋਈ ਸਾਨੀ ਨਹੀਂ। ਇਹੋ ਜਿਹੀ ਭਾਸ਼ਿਕ ਸੁਖਮਤਾ, ਸੁੰਦਰਤਾ ਤੇ ਸੁਹਜਾਤਮਿਕ ਅਮੀਰੀ ਹੋਰ ਕਿਸੇ ਭਾਸ਼ਾ 'ਚ ਦੇਖਣ ਨੂੰ ਨਹੀਂ ਮਿਲਦੀ। ਭਲਾ ਫਿਰੰਗੀਆਂ ਦੀ ਭਾਸ਼ਾ ਅੰਗਰੇਜ਼ੀ ਇਹਦਾ ਕੀ ਮੁਕਾਬਲਾ ਕਰੂ? ਉਹ ਤਾਂ ਇਹਦੇ ਪਾ ਪਾਸਕੂ ਨਹੀਂ। ਭਲਾ ਅੰਗਰੇਜ਼ੀ ਦੇ ਪਿੱਠੂ ਇਹ ਦੱਸ ਸਕਦੇ ਹਨ ਕਿ ਅੰਗਰੇਜ਼ੀ ਵਿੱਚ ਚੱਚੇ (ਚ) ਦੇ ਉਚਾਰਣ ਲਈ ਕਿਹੜੀ ਧੁਨੀ ਹੈ? ਕੋਈ ਵੀ ਨਹੀਂ। ਜੇ ਹੁੰਦੀ ਤਾਂ ਸੀ (ਛ) ਨਾਲ ਐਚ () ਨਾ ਜੋੜਦੇ ਫਿਰਦੇ। ਛੱਛੇ (ਛ) ਦੇ ਉਚਾਰਣ ਲਈ ਸੀ (ਛ) ਨਾਲ ਡਬਲ ਐੱਚ ਨਾ ਪਾਉਂਦੇ ਫਿਰਦੇ।

ਮਾਂ ਬੋਲੀ ਪ੍ਰਤੀ ਲੋਕਾਂ ਦੇ ਅਵੇਸਲੇਪਣ ਅਤੇ ਬੇਰੁਖੀ ਤੋਂ ਮਾਸਟਰ ਜੀ ਅੰਤਾਂ ਦੇ ਦੁਖੀ ਸਨ। ਉਨ੍ਹਾਂ ਦਾ ਰੋਮ-ਰੋਮ ਹਾਹ-ਾਕਾਰ ਕਰ ਰਿਹਾ ਸੀ। ਉਹ ਵਿਚਾਰੇ ਤਨ, ਮਨ, ਧਨ ਨਾਲ ਮਾਂ ਬੋਲੀ ਦਾ ਕਰਜ਼ ਉਤਾਰਨਾ ਚਾਹੁੰਦੇ ਸਨ। ਮਾਂ ਤੋਂ ਮਾਂ ਬੋਲੀ ਵਿੱਚ ਸੁਣੀਆਂ ਮਿੱਠੀਆਂ ਲੋਰੀਆਂ ਦਾ ਰਸ ਅਜੇ ਵੀ ਉਨ੍ਹਾਂ ਦੇ ਕੰਨਾਂ ਵਿੱਚ ਘੁਲਿਆ ਹੋਇਆ ਸੀ। ਬਾਲੋ ਮਾਹੀਏ ਅਤੇ ਹੀਰ ਦੇ ਟੱਪੇ ਸੁਣ ਕੇ ਉਨ੍ਹਾਂ ਦਾ ਸਮੁੱਚਾ ਵਜੂਦ ਅਕਹਿ ਖੁਸ਼ੀ ਨਾਲ ਸਰਸ਼ਾਰ ਹੋ ਜਾਂਦਾ ਸੀ। ਮਾਸਟਰ ਜੀ ਨੂੰ ਸਮਝ ਨਹੀਂ ਸੀ ਆ ਰਹੀ ਕਿ ਮਾਂ ਬੋਲੀ ਦਾ ਰਿਣ ਕਿਵੇਂ ਉਤਾਰਨ ਤੇ ਆਪਣੀ ਇਸ 'ਰਿਣ ਉਤਾਰ ਮੁਹਿੰਮ' ਦਾ ਆਗਾਜ਼ ਕਿਵੇਂ ਕਰਨ।

ਸਿਆਣੇ ਕਹਿੰਦੇ ਹਨ 'ਜਿੱਥੇ ਚਾਹ, ਉਥੇ ਰਾਹ।' ਮਾਸਟਰ ਜੀ ਦੀ ਚਾਹ ਨੂੰ ਰਾਹ ਮਿਲ ਗਿਆ। ਉਨ੍ਹਾ ਦੀ ਅੰਗਰੇਜ਼ੀ ਸਕੂਲ 'ਚ ਪੜ੍ਹਦੀ ਪੋਤਰੀ ਦੀ ਮੈਡਮ ਨੇ ਘਰ ਉਲ੍ਹਾਂਭਾ ਦੇ ਦਿੱਤਾ ਕਿ ਕੁੜੀ ਸਕੂਲ 'ਚ ਪੰਜਾਬੀ ਬੋਲਦੀ ਹੈ, ਜੋ ਸਕੂਲ ਦੇ ਨਿਯਮਾਂ ਦੇ ਵਿਰੁੱਧ ਹੈ ਤੇ ਸਕੂਲ ਦੀ ਸਾਖ ਘਟਦੀ ਹੈ। ਤੁਰੰਤ ਸਕੂਲ 'ਚ ਪਹੁੰਚਣ ਦੀ ਹਦਾਇਤ ਕੀਤੀ ਸੀ। ਇਸ ਘਟਨਾ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਮਾਸਟਰ ਜੀ ਅੱਗ ਬਬੂਲਾ ਹੋ ਗਏ। ਉਹ ਅੱਖ ਦੇ ਫੋਰ ਵਿੱਚ ਸਕੂਲ ਜਾ ਪਹੁੰਚੇ ਤੇ ਪੋਤਰੀ ਦੀ ਮੈਡਮ ਨੂੰ ਮਾਂ ਬੋਲੀ ਦੀ ਮਹੱਤਤਾ ਬਾਰੇ ਲੰਮਾ-ਚੌੜਾ ਲੈਕਚਰ ਦੇਣ ਲੱਗੇ। ਕਾਨਵੈਂਟ ਸਕੂਲ ਦੀ ਪੜ੍ਹੀ 'ਬੁਆਏ ਕੱਟ' ਵਾਲਾਂ ਵਾਲੀ ਮੈਡਮ ਵੀ ਅੱਗੋਂ ਅੰਗਰੇਜ਼ੀ ਦੇ ਹੱਕ ਵਿੱਚ ਜ਼ਿਰਾ ਕਰਨ ਲੱਗੀ। ਅਖੇ, ਅੰਗਰੇਜ਼ੀ ਭਾਸ਼ਾ ਦੀ ਜਾਣਕਾਰੀ ਬਿਨਾਂ ਬੰਦਾ ਗਵਾਰ ਰਹਿੰਦਾ ਹੈ। ਸਾਇੰਸ ਦੀ ਪੜ੍ਹਾਈ ਨਹੀਂ ਕਰ ਸਕਦਾ। ਚੰਗੀ ਨੌਕਰੀ ਨਹੀਂ ਮਿਲ ਸਕਦੀ। ਫੱਰਾਟੇ ਨਾਲ ਅੰਗਰੇਜ਼ੀ ਬੋਲਣ ਵਾਲਾ ਸਭ ਦੇ ਕੰਨ ਕੁਤਰ ਦਿੰਦਾ ਹੈ।

ਮਾਸਟਰ ਜੀ ਜੋਸ਼ ਵਿੱਚ ਆ ਕੇ ਭਾਈ ਵੀਰ ਸਿੰਘ, ਚਾਤ੍ਰਿਕ ਤੇ ਪਾਤਰ ਦੀਆਂ ਕਵਿਤਾਵਾਂ ਤੇ ਰਸੂਲ ਹਮਜ਼ਾਤੋਵ ਦੇ ਮਾਂ ਬੋਲੀ ਬਾਰੇ ਕਥਨ ਦਾ ਹਵਾਲਾ ਦੇਣ ਲੱਗ ਪਏ। ਅਖੇ ਬੋਡੇ ਵਰਗੇ ਲੋਕ ਮਾਂ ਬੋਲੀ ਦੇ ਦੋਖੀ ਹਨ। ਇਸ ਨੂੰ ਹਾਸ਼ੀਏ ਵੱਲ ਧੱਕ ਰਹੇ ਹਨ, ਤਦੇ ਹੀ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਵੀ ਅੰਗਰੇਜ਼ੀ ਨਹੀਂ ਗਈ। ਅੰਗਰੇਜ਼ੀ ਡੈਣ ਮਰ ਗਈ, ਪਰ ਦੰਦ ਬੋਡੇ ਵਰਗੇ ਆਲਿਆਂ 'ਚ ਛੱਡ ਗਈ। ਰੌਲਾ-ਰੱਪਾ ਸੁਣ ਕੇ ਸਕੂਲ ਦੀਆਂ ਬਾਕੀ ਮੈਡਮਾਂ ਤੇ ਪ੍ਰਿੰਸੀਪਲ ਉਥੇ ਆ ਗਈਆਂ। ਮੱਛੀ ਬਾਜ਼ਾਰ ਬਣ ਗਿਆ। ਲੋਹੀ ਲਾਖੀ ਹੋਈ ਇੰਚਾਰਜ ਮੈਡਮ ਮਾਸਟਰ ਜੀ ਦੀ ਪੋਤਰੀ ਦਾ ਨਾਂ ਕੱਟਣ ਲਈ ਤਿਆਰ ਹੋ ਗਈ। ਪ੍ਰਿੰਸੀਪਲ ਮੈਡਮ ਨੇ ਵੀ ਹਾਮੀ ਭਰ ਦਿੱਤੀ। ਉਨ੍ਹਾਂ ਨੂੰ ਇਹੋ ਜਿਹੇ ਗਵਾਰਾਂ ਦੀ ਭਾਸ਼ਾ ਬੋਲਣ ਵਾਲੇ ਵਿਦਿਆਰਥੀਆਂ ਦੀ ਉਕਾ ਹੀ ਲੋੜ ਨਹੀਂ ਸੀ। ਵਿਚਾਰੇ ਮਾਸਟਰ ਜੀ ਡਰ ਗਏ। ਜੇ ਕੁੜੀ ਦਾ ਨਾਂ ਕੱਟਿਆ ਗਿਆ ਤਾਂ ਨੂੰਹ-ਪੁੱਤ ਉਨ੍ਹਾਂ ਦੀ ਲਾਹ-ਪਾਹ ਕਰਨਗੇ। ਹੋ ਸਕਦਾ ਸੀ ਕਿ ਰੋਟੀ-ਪਾਣੀ ਬੰਦ ਕਰ ਦੇਣ। ਉਨ੍ਹਾਂ ਨੇ ਹੋਰ ਵਧੇਰੇ ਆਢਾ ਲਾਉਣ ਨਾਲੋਂ ਮੁਆਫੀ ਮੰਗਣ 'ਚ ਸਿਆਣਪ ਸਮਝੀ ਤੇ ਛਿੰਦੀ ਨੂੰ ਜਮਾਤ 'ਚ ਬਿਠਾ ਕੇ ਘਰ ਵਾਪਸ ਆ ਗਏ।

ਆਪਣੀ ਪਹਿਲੀ ਮੁਹਿੰਮ ਠੁੱਸ ਹੋਣ ਤੋਂ ਬਾਅਦ ਵੀ ਮਾਸਟਰ ਜੀ ਦਾ ਮਾਂ ਬੋਲੀ ਦੀ ਸੇਵਾ ਕਰਨ ਦਾ ਉਤਸ਼ਾਹ ਮੱਠਾ ਨਹੀਂ ਪਿਆ। ਉਹ ਅਜੇ ਵੀ ਕਈ ਢੰਗਾਂ ਨਾਲ ਮਾਂ ਬੋਲੀ ਦੀ ਸੇਵਾ ਕਰ ਸਕਦੇ ਸਨ। ਉਹ ਗਲੀ ਦੇ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਸ਼ਾਮ ਨੂੰ ਮੁਫਤ ਪੰਜਾਬੀ ਪੜ੍ਹਾਉਣਗੇ। ਉਨ੍ਹਾਂ ਨੂੰ ਲਾਵਾਂ, ਦੁਲਾਵਾਂ, ਹੋੜੇ-ਕਨੌੜੇ, ਸਿਹਾਰੀ-ਬਿਹਾਰੀ, ਔਂਕੜ-ਦੁਲੈਂਕੜ ਤੇ ਧੁਨੀਆਂ ਦੇ ਉਚਾਰਨ ਦੀ ਸਹੀ ਜਾਣਕਾਰੀ ਦੇਣਗੇ। 'ਕਿਉਂਕਿ' ਨੂੰ ਹਿੰਦੀ ਵਾਂਗ 'ਕਿਉਂ ਕਿ' ਉਚਾਰਣ ਵਾਲਿਆਂ ਨੂੰ ਸਿੱਧੇ ਰਾਹ ਲਿਆਉਣਗੇ। ਲੋਕਾਂ ਨੂੰ ਵਿਆਹ ਕਾਰਡ, ਵਧਾਈ ਕਾਰਡ ਤੇ ਮਰਨੇ ਪਰਨੇ ਦੇ ਕਾਰਡ ਪੰਜਾਬੀ ਵਿੱਚ ਛਪਵਾਉਣ ਲਈ ਪ੍ਰੇਰਨਗੇ। ਕਿਸੇ ਸਕੂਲ 'ਚ ਪੰਜਾਬੀ ਅਧਿਆਪਕ ਦੀ ਨੌਕਰੀ ਕਰਨਗੇ। ਵਿਦਿਆਰਥੀਆਂ ਦੇ ਵਾਰਾਂ, ਕਿੱਸਿਆਂ, ਜੰਗਨਾਮਿਆਂ, ਬਾਲੋ-ਮਾਹੀਆ, ਢੋਲੇ, ਟੱਪੇ ਤੇ ਸਿੱਠਣੀਆਂ ਦੇ ਮੁਕਾਬਲੇ ਕਰਾਉਣਗੇ। ਹੋਣਹਾਰ ਵਿਦਿਆਰਥੀਆਂ ਨੂੰ ਪੱਲਿਓਂ ਇਨਾਮ ਦੇ ਕੇ ਮਾਂ ਬੋਲੀ ਦੀ ਸੇਵਾ ਕਰਨਗੇ। ਮਾਂ ਬੋਲੀ ਦੀ ਮਿੱਟੀ ਪਲੀਤ ਕਰ ਰਹੇ ਸ਼ਹਿਰੀ ਦੁਕਾਨਦਾਰਾਂ ਦੇ ਗਲਤ-ਮਲਤ ਪੰਜਾਬੀ 'ਚ ਲਿਖੇ ਬੋਰਡਾਂ ਨੂੰ ਦਰੁੱਸਤ ਕਰਨਗੇ। ਮਾਂ ਬੋਲੀ ਦੀ ਪ੍ਰਫੁੱਲਤਾ ਲਈ ਬੌਧਿਕ ਚਿੰਤਨ ਕਰ ਕੇ ਇਸ ਦੀ ਸਮਰੱਥਾ ਹੋਰ ਵਧਾਉਣਗੇ। ਇਸ ਨੂੰ ਵਿਦੇਸ਼ੀ ਸ਼ਬਦਾਂ ਦੇ ਵਧਦੇ ਪ੍ਰਭਾਵ ਤੋਂ ਮੁਕਤ ਕਰਾਉਣਗੇ। ਪੰਜਾਬੀ ਬੋਲਣ ਵਾਲਿਆਂ ਦੇ ਗਲੇ ਜ਼ਿਆਦਾ ਖਰਾਬ ਹੋਣ ਦਾ ਡਰ ਪੈਦਾ ਕਰਨ ਵਾਲੇ ਡਾਕਟਰਾਂ ਦਾ ਵਿਰੋਧ ਕਰਨਗੇ। ਮਾਂ ਬੋਲੀ ਦੇ ਵਿਕਾਸ ਲਈ ਬਣੀਆਂ ਕਮੇਟੀਆਂ ਨੂੰ ਆਪਣੇ ਕੀਮਤੀ ਸੁਝਾਅ ਭੇਜ ਕੇ ਇਸ ਦੀ ਤਰੱਕੀ ਲਈ ਆਪਣਾ ਬਣਦਾ ਯੋਗਦਾਨ ਪਾਉਣਗੇ। ਆਪਣੇ ਯਾਰਾਂ-ਬੇਲੀਆਂ ਦਾ ਸਹਿਯੋਗ ਲੈਣਗੇ। ਬੂੰਦ-ਬੂੰਦ ਨਾਲ ਤਾਂ ਤਲਾਅ ਭਰ ਜਾਂਦਾ ਹੈ। ਮਾਂ ਬੋਲੀ ਦਾ ਵੀ ਕਾਇਆ-ਕਲਪ ਹੋ ਜਾਊ।

# ਉਡੀਕਦੇ ਬੂਹੇ

–ਸਤਨਾਮ ਚੌਹਾਨ–

ਸਾਰੇ ਜੀਵ, ਪਸ਼ੂ ਪੰਛੀ ਆਪਣਾ ਘਰ ਬਣਾਉਂਦੇ ਹਨ। ਮਨੁੱਖ ਰੀਝਾਂ ਨਾਲ ਘਰ ਬਣਾਉਂਦਾ ਹੈ। ਪਸ਼ੂ ਜਿਸ ਕਿੱਲੇ ਰੋਜ਼ ਬੱਝਦੇ ਹਨ, ਉਹ ਉਥੇ ਆਉਣਾ ਪਸੰਦ ਕਰਦੇ ਹਨ। ਉਨ੍ਹਾਂ ਨੂੰ ਭਾਵੇਂ ਕਿੰਨੀ ਦੂਰ ਚਰਾਦਾਂ ਵਿੱਚ ਲੈ ਜਾਓ, ਉਹ ਫੇਰ ਘਰ ਪਰਤਦੇ ਹਨ। ਆਪਣੇ ਬੂਹੇ ਦੀ ਪਸ਼ੂ ਨੂੰ ਪੂਰੀ ਪਛਾਣ ਹੁੰਦੀ ਹੈ। ਬੂਹੇ ਦੀ ਅਹਿਮੀਅਤ ਤਾਂ ਬਣਦੀ ਹੈ ਕਿ ਇਨ੍ਹਾਂ ਵਿੱਚ ਹੁੰਦਾ ਬੰਦਾ ਸੁਰੱਖਿਅਤ ਮਹਿਸੂਸ ਕਰੇ। ਇਹ ਸੁਰੱਖਿਆ ਬੂਹਾ ਦਿੰਦਾ ਹੈ। ਜਦੋਂ ਕੋਈ ਆਪਣਾ ਪਿਆਰਾ ਕਿਤੇ ਦੂਰ ਦੁਰਾਡੇ ਜਾਂਦਾ ਹੈ ਤੇ ਸਾਲਾਂ ਤੱਕ ਵਾਪਸ ਨਹੀਂ ਆਉਂਦਾ ਤਾਂ ਘਰ ਦੇ ਬਾਕੀ ਜੀਆਂ ਵਾਂਗ ਬੂਹੇ ਵੀ ਉਨ੍ਹਾਂ ਨੂੰ ਉਡੀਕਦੇ ਹਨ।

ਅੱਜ ਕੱਲ੍ਹ ਬਾਹਰ ਜਾਣ ਦਾ ਦੌਰ ਚੱਲਿਆ ਹੋਇਆ ਹੈ। ਪੁੱਤਰ/ ਧੀਆਂ ਵਿਦੇਸ਼ ਤੁਰ ਜਾਂਦੇ ਹਨ। ਪਿੱਛੇ ਆਪਣਿਆਂ ਨੂੰ ਛੱਡ ਜਾਂਦੇ ਹਨ, ਜੋ ਦਿਨ ਰਾਤ ਬੂਹੇ ਦੇ ਨਾਲ ਉਨ੍ਹਾਂ ਨੂੰ ਉਡੀਕਦੇ ਹਨ। ਜੋ ਘਰੋਂ ਜਾਂਦਾ ਹੈ, ਬੂਹਾ ਸਦਾ ਉਸ ਦੀ ਉਡੀਕ ਕਰਦਾ ਹੈ। ਬੂਹੇ ਦੀ ਕਿਸਮਤ ਵਿੱਚ ਘਰੋਂ ਗਏ ਦੀ ਉਡੀਕ ਲਿਖੀ ਹੁੰਦੀ ਹੈ। ਘਰ ਵਿੱਚ ਵੱਸਦੀ ਬ੍ਰਿਹਣ ਵੀ ਹਿਰਸ ਨਾਲ ਉਡੀਕਦੀ ਹੈ। ਅੱਜ ਕੱਲ੍ਹ ਬੁੱਢੇ ਮਾਂ ਬਾਪ ਬੂਹੇ ਨਾਲ ਲੱਗ ਕੇ ਆਪਣੇ ਦੂਰ ਵਿਦੇਸ਼ ਗਏ ਬੱਚਿਆਂ ਦੀ ਉਡੀਕ ਕਰਦੇ ਹਨ। ਦੂਰ-ਦੂਰ ਤੱਕ ਉਹ ਨਿਰਾਸ਼ੀਆਂ ਨਜ਼ਰਾਂ ਨਾਲ ਵੇਖਦੇ ਹਨ। ਇਨ੍ਹਾਂ ਨੂੰ ਵੇਖ-ਵੇਖ ਬੂਹਾ ਵੀ ਉਦਾਸ ਹੋ ਜਾਂਦਾ ਹੈ।

ਬੂਹਾ ਘਰ ਦੀ ਰਾਖੀ ਕਰਦਾ ਹੈ। ਇਹ ਚੋਰ ਉਚੱਕਿਆਂ ਤੋਂ ਘਰ ਸੁਰੱਖਿਅਤ ਰੱਖਦਾ ਹੈ। ਮੰਗਣ ਆਇਆ ਮੰਗਤਾ ਇਸ ਬੂਹੇ 'ਤੇ ਦਸਤਕ ਦਿੰਦਾ ਹੈ। ਕਹਿੰਦੇ; ਬੂਹੇ ਜੋ ਮੰਗਣ ਆਇਆ, ਉਸ ਨੂੰ ਕਿਉਂ ਖਾਲੀ ਮੋੜਨਾ। ਕੀ ਪਤਾ ਰੱਬ ਕਿਸ ਰੂਪ ਵਿੱਚ ਆ ਜਾਵੇ। ਕੀ ਪਤਾ ਰਾਂਝਾ ਜੋਗੀ ਹੀ ਹੋਵੇ, ਜੋ ਖੈਰ ਲੈਣ ਦੇ ਬਹਾਨੇ ਦੀਦਾਰ ਕਰਨਾ ਚਾਹੇ।

ਬੂਹਾ ਇੱਜ਼ਤਾਂ ਢੱਕਦਾ ਹੈ। ਪਰਦੇ ਰੱਖਦਾ ਤੇ ਪ੍ਰਾਹੁਣਿਆਂ ਦੀ ਉਡੀਕ ਕਰਦਾ ਹੈ। ਜੇ ਕੋਈ ਸਾਂਵਲਾ ਪ੍ਰਾਹੁਣਾ ਆਉਂਦਾ ਹੈ ਤਾਂ ਬੂਹਾ ਨੱਚ ਉਠਦਾ ਹੈ। ਖਿੜ ਜਾਂਦਾ ਹੈ, ਨਸ਼ਿਆ ਜਾਂਦਾ ਹੈ। ਔਰਤਾਂ ਅਤੇ ਬਿਰਧ ਬੂਹੇ ਸਹਾਰੇ ਹੀ ਸਵੇਰ ਚੜਾਉਂਦੇ ਦਿਨ ਕੱਟਦੇ ਹਨ। ਬੂਹਾ ਦਰਵੇਸ਼ ਇਨ੍ਹਾਂ ਦੀ ਚੱਤੋ ਪਹਿਰ ਰਾਖੀ ਕਰਦਾ ਹੈ। ਇਸੇ ਬੂਹੇ ਸਹਾਰੇ ਕਈ ਮੁਟਿਆਰਾਂ ਆਪਣਾ ਸਾਰਾ ਜੀਵਨ ਉਡੀਕ ਕਰਦੀਆਂ ਹੋਈਆਂ ਬਿਤਾ ਦਿੰਦੀਆਂ ਹਨ।

ਜਦੋਂ ਕਿਸੇ ਬ੍ਰਿਹਣ ਦਾ ਪ੍ਰਦੇਸੀ ਪਤੀ ਘਰ ਆਉਣਾ ਹੋਵੇ ਤਾਂ ਉਸ ਨਾਲ ਬੂਹਾ ਵੀ ਨੱਚ ਉਠਦਾ ਹੈ। ਉਹ ਗਾਉਂਦਾ ਹੋਇਆ ਪ੍ਰਤੀਤ ਹੁੰਦਾ ਹੈ। ਸੰਦਲੀ ਹਵਾਵਾਂ ਨੂੰ ਰੋਕਦਾ ਨਹੀਂ, ਸਗੋਂ ਅੰਦਰ ਆਉਣ ਦਿੰਦਾ ਹੈ। ਇਹ ਬੂਹੇ ਦੀ ਵਡਿਆਈ ਹੈ। ਜਦੋਂ ਚਿਰਾਂ ਦਾ ਪ੍ਰਦੇਸ ਗਿਆ ਮਾਹੀ ਘਰ ਨਹੀਂ ਪਰਤਦਾ ਤਾਂ ਬ੍ਰਿਹਣ ਆਪਣੇ ਮਾਹੀ ਨੂੰ ਕਹਿੰਦੀ ਹੈ:

ਜੇ ਤੂੰ ਚਲਿਆ ਚਾਕਰੀ,
ਵੇ ਇੱਥੇ ਵਸੇਗਾ ਕਿਹੜਾ,
ਬੂਹੇ ਨੂੰ ਮਾਰਾਂਗੀ ਜਿੰਦਰਾ ਵੇ,
ਪੇਕੇ ਲਾ ਲਵਾਂਗੀ ਡੇਰਾ।

ਕਈ ਵਾਰ ਵੱਸਦੇ ਰਸਦੇ ਘਰਾਂ ਨੂੰ ਸਦਾ ਲਈ ਜਿੰਦਰੇ ਵੱਜ ਜਾਂਦੇ ਹਨ। ਜਦੋਂ ਕੋਈ ਪ੍ਰਦੇਸ ਜਾ ਵਸਦਾ ਹੈ ਤੇ ਪਿੱਛੋਂ ਬੁੱਢੇ ਮਾਂ ਬਾਪ ਅਗਲੇ ਘਰ ਚਲੇ ਜਾਂਦੇ ਹਨ ਤਾਂ ਉਦੋਂ ਦੁੱਖ ਹੁੰਦਾ ਹੈ। ਜਦੋਂ ਔਲਾਦ ਹੀ ਆਪਣੇ ਮਾਂ ਬਾਪ ਲਈ ਬੂਹਾ ਬੰਦ ਕਰ ਲੈਂਦੀ ਹੈ, ਉਦੋਂ ਬੂਹਾ ਬੇਵੱਸ ਹੁੰਦਾ ਹੈ। ਉਦਾਸ ਤੇ ਹੈਰਾਨ ਹੁੰਦਾ ਹੈ ਕਿ ਕੀ ਹੋ ਗਿਆ ਇਨਸਾਨ ਨੂੰ, ਤੜਫਦਾ ਹੈ, ਪਰ ਉਹ ਕੀ ਕਰ ਸਕਦਾ ਹੈ। ਬੂਹੇ ਉਦੋਂ ਵੀ ਬੰਦ ਹੁੰਦੇ ਹਨ, ਜਦੋਂ ਕੋਈ ਮੁਟਿਆਰ ਆਪਣੇ ਕਿਸੇ ਪਿਆਰੇ ਨਾਲ ਸਰਦਲ ਟੱਪ ਜਾਂਦੀ ਹੈ। ਬੂਹਾ ਬੇਵੱਸ ਹੁੰਦਾ, ਰੋਕਣ ਦੀ ਕੋਸ਼ਿਸ਼ ਕਰਦਾ, ਪਰ ਪਿਆਰ ਵਿੱਚ ਭਿੱਜੀ ਉਹ ਬੂਹਾ ਟੱਪ ਜਾਂਦੀ ਹੈ। ਫੇਰ ਕਈ ਵਾਰ ਉਸ ਦੇ ਬੂਹੇ ਸਦਾ ਲਈ ਬੰਦ ਹੋ ਜਾਂਦੇ ਹਨ। ਅਗਲੇ ਥਾਂ ਉਸ ਦੇ ਲਈ ਕੋਈ ਬੂਹਾ ਖੁੱਲ੍ਹਦਾ ਹੈ ਜਾਂ ਨਹੀਂ, ਰੱਬ ਜਾਣੇ।



ਬੂਹਿਆਂ ਦੇ ਅੰਦਰ ਸਾਜ਼ਿਸ਼ਾਂ ਘੜੀਆਂ ਜਾਂਦੀਆਂ ਹਨ। ਵੈਰ ਪਲਦੇ ਹਨ। ਬੂਹਿਆਂ ਦੇ ਅੰਦਰ ਲੁਕਵੇਂ ਰਿਸ਼ਤੇ ਪਲਦੇ ਹਨ। ਬੂਹਾ ਇਹ ਦੇਖ ਕੇ ਬਰਦਾਸ਼ਤ ਕਰਦਾ ਹੈ। ਬੰਦ ਬੂਹਿਆਂ ਅੰਦਰ ਰਾਜਸੀ ਚਾਲਾਂ ਘੜੀਆਂ ਜਾਂਦੀਆਂ ਹਨ, ਨੀਤੀਆਂ ਘੜੀਆਂ ਜਾਂਦੀਆਂ ਹਨ। ਵਿਚਾਰਾ ਬੂਹਾ ਸਭ ਕੁਝ ਸੁਣਦਾ, ਵੇਖਦਾ ਕੁਝ ਨਹੀਂ ਕਰ ਸਕਦਾ। ਨਵੀਂ ਵਿਆਹੀ ਆਈ ਦੁਲਹਨ ਵੀ ਬੂਹੇ ਵਿੱਚ ਖਲੋ, ਚੁਗਾਠ ਫੜ ਕੇ ਘਰ ਦੇ ਅੰਦਰ ਕਦਮ ਰੱਖਦੀ ਹੈ। ਜਦੋਂ ਉਸ ਦੇ ਵਿਹੜੇ ਰੌਣਕ ਲੱਗਦੀ ਹੈ ਤਾਂ ਬੂਹਾ ਖੁਸ਼ ਹੋ ਜਾਂਦਾ। ਉਹ ਨਵੀਂ ਵਿਆਹੀ ਆਈ ਨੂੰ ਜੀ ਆਇਆਂ ਆਖਦਾ ਹੈ ਤੇ ਇੰਜ ਲੱਗਦਾ ਜਿਵੇਂ ਉਹ ਕਹਿ ਰਿਹਾ ਹੋਵੇ ਕਿ ਸਦੀਆਂ ਤੋਂ ਮੈਂ ਹੀ ਧੀਆਂ, ਭੈਣਾਂ ਤੇ ਹੋਰ ਘਰ ਦੀ ਇੱਜ਼ਤ ਰੱਖਦਾ ਆਇਆਂ ਹਾਂ ਤੇ ਅੱਗੋਂ ਵੀ ਰੱਖਾਂਗਾ। ਬੂਹੇ ਨਾ ਹੋਣ ਤਾਂ ਪਰਦਾ ਵੀ ਨਹੀਂ ਹੋਵੇਗਾ। ਬੂਹਾ ਚੰਗੇ ਮਾੜੇ ਦੇ ਪਰਦੇ ਢਕਦਾ ਹੈ। ਇੱਜ਼ਤ ਰੱਖਦਾ ਹੈ। ਖੁੱਲ੍ਹੇ ਬੂਹਿਆਂ ਨਾਲ ਜ਼ਿੰਦਗੀ ਹੈ। ਚਾਅ ਮਲ੍ਹਾਰ ਹਨ। ਰੌਣਕਾਂ ਤੇ ਖੁਸ਼ੀਆਂ ਹਨ। ਕੁਦਰਤ ਸਭ ਦੇ ਬੂਹੇ ਖੁੱਲ੍ਹੇ ਰੱਖੇ ਤੇ ਜ਼ਿੰਦਗੀ ਧੜਕਦੀ ਰਹੇ। ਬੂਹੇ ਹਮੇਸ਼ਾ ਘਰ ਆਏ ਨੂੰ ਜੀ ਆਇਆਂ ਆਖਣ ਤੇ ਗਿਆਂ ਨੂੰ ਉਡੀਕਣ।




ਕੈਨ ਟਰੱਕ ਵਲੋਂ ਵਿਸੱਖੀ ਦੀ ਬਹੁਤ ਬਹੁਤ ਮੁਬੱਰਕਬੱਦ

CAN TRUCK

We wish you a very happy and prosperous Vaisakhi

Call Jagtar Raman

(647) 292-5757 or (905) 595-0408

## ਪ੍ਰਸ਼ਾਸਨ ਨੇ ਵਿਕਾਸ ਕਾਰਜਾਂ ਲਈ ਡਾ. ਧਰਮਵੀਰ ਗਾਂਧੀ ਦੇ ਨਾਂਅ ਉੱਤੇ ਚੇਪੀ ਲਾਈ

ਪਟਿਆਲਾ, 11 ਅਪ੍ਰੈਲ (ਪੋਸਟ ਬਿਊਰੋ)- ਮੈਂਬਰ ਪਾਰਲੀਮੈਂਟ ਵਜੋਂ ਡਾਕਟਰ ਧਰਮਵੀਰ ਗਾਂਧੀ ਵੱਲੋਂ ਹਲਕਾ ਵਿਕਾਸ ਫੰਡ ਵਿੱਚੋਂ ਪਿੰਡਾਂ ਨੂੰ ਦਿੱਤੇ ਗਏ ਪਾਣੀ ਦੇ ਟੈਂਕਰਾਂ ਉਤੇ ਛਪੇ ਹੋਏ ਪਾਰਲੀਮੈਂਟ ਮੈਂਬਰ ਦੇ ਨਾਂ ਉੱਤੇ ਪ੍ਰਸ਼ਾਸਨ ਨੇ ਚੇਪੀ ਲਾ ਦਿੱਤੀ ਹੈ। ਡਾ. ਧਰਮਵੀਰ ਗਾਂਧੀ ਨੇ ਆਪਣੇ ਨਾਂ ਉੱਤੇ ਲਾਈ ਚੇਪੀ ਤੋਂ ਭੜਕ ਕੇ ਪ੍ਰਸ਼ਾਸਨ ਦੀ ਇਹੋ ਜਿਹੀ ਕਾਰਵਾਈ ਦੀ ਨਿਖੇਧੀ ਕੀਤੀ ਅਤੇ ਦੋਸ਼ ਲਾਇਆ ਕਿ ਪ੍ਰਸ਼ਾਸਨ ਸਿਆਸੀ ਦਬਾਅ ਹੇਠ ਇਹ ਕਾਰਵਾਈ ਕਰ ਰਿਹਾ ਹੈ। ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਅੱਗ ਬੁਝਾਉਣ ਲਈ ਪਾਣੀ ਦੇ ਟੈਂਕਰ ਚੋਣ ਜ਼ਾਬਤਾ ਲਾਗੂ ਹੋਣ ਤੋਂ ਪਹਿਲਾਂ ਦਿੱਤੇ ਗਏ ਸਨ। ਇਸ ਉਤੇ ਸਬੰਧਤ ਮੈਂਬਰ ਪਾਰਲੀਮੈਂਟ ਦਾ ਨਾਂ ਐਮ ਪੀ ਲੈਂਡ ਦੇ ਨਿਯਮਾਂ ਮੁਤਾਬਕ ਲਿਖਿਆ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਹੋਰ ਥਾਵਾਂ ਉੱਤੇ ਨੀਂਹ ਪੱਥਰਾਂ ਅਤੇ ਐੱਮ ਪੀ ਲੈਂਡ ਦੀਆਂ ਲਿਖਤਾਂ ਨੂੰ ਨਹੀਂ ਮਿਟਾਇਆ ਗਿਆ ਅਤੇ ਮੰਤਰੀਆਂ, ਮੁੱਖ ਮੰਤਰੀਆਂ ਦੇ ਨਾਂ ਉਸੇ ਤਰ੍ਹਾਂ ਮੌਜੂਦ ਹਨ, ਸਿਰਫ ਮੇਰਾ ਨਾਂ ਮਿਟਾਇਆ ਗਿਆ ਹੈ।

# ਪਾਕਿ ਫੌਜ ਨੇ ਵਿਸ਼ਵ ਮੀਡੀਆ ਤੇ ਡਿਪਲੋਮੇਟਾਂ ਨੂੰ ਬਾਲਾਕੋਟ ਹਮਲੇ ਵਾਲੀ ਥਾਂ ਦਾ ਦੌਰਾ ਕਰਵਾਇਆ

ਇਸਲਾਮਾਬਾਦ, 11 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨੀ ਸੈਨਾ ਨੇ ਕੱਲ੍ਹ ਬਾਲਾਕੋਟ ਸਥਿਤ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੇ ਸਿਖਲਾਈ ਕੈਂਪ 'ਤੇ ਭਾਰਤ ਵੱਲੋਂ ਕੀਤੇ ਗਏ ਹਵਾਈ ਹਮਲੇ ਦੇ 43 ਦਿਨ ਬਾਅਦ ਇਸ ਸਥਾਨ ਦਾ ਅੰਤਰਰਾਸ਼ਟਰੀ ਮੀਡੀਆ ਦੇ ਮੈਂਬਰਾਂ ਤੇ ਵਿਦੇਸ਼ੀ ਕੂਟਨੀਤਕਾਂ ਦਾ ਦੌਰਾ ਕਰਵਾਇਆ।




ਬਾਲਾਕੋਟ ਸਥਿਤ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੇ ਸਿਖਲਾਈ ਕੈਂਪ 'ਤੇ ਭਾਰਤ ਵੱਲੋਂ ਕੀਤੇ ਗਏ ਹਵਾਈ ਹਮਲੇ ਦੇ 43 ਦਿਨ ਬਾਅਦ ਇਸ ਸਥਾਨ ਦਾ ਅੰਤਰਰਾਸ਼ਟਰੀ ਮੀਡੀਆ ਦੇ ਮੈਂਬਰਾਂ ਤੇ ਵਿਦੇਸ਼ੀ ਕੂਟਨੀਤਕਾਂ ਨੇ ਦੌਰਾ ਕੀਤਾ।

ਬੀ ਬੀ ਸੀ ਦੀ ਹਿੰਦੀ ਵੈਬਸਾਈਟ ਅਨੁਸਾਰ ਉਨ੍ਹਾਂ ਦਾ ਪੱਤਰਕਾਰ ਵੀ ਮੀਡੀਆ ਦੀ ਇਸ ਟੀਮ 'ਚ ਸ਼ਾਮਲ ਸੀ, ਜਿਸ ਨੇ ਹਵਾਈ ਹਮਲੇ ਵਾਲੀ ਥਾਂ ਦਾ ਦੌਰਾ ਕੀਤਾ। ਇਸਲਾਮਾਬਾਦ ਤੋਂ ਹੈਲੀਕਾਪਟਰ ਰਾਹੀਂ ਲਿਜਾਏ ਗਏ ਬੀ ਬੀ ਸੀ ਪੱਤਰਕਾਰ ਨੇ ਦੱਸਿਆ ਕਿ ਉਹ ਮਨਸੇਰਾ ਦੇ ਨੇੜੇ ਇਕ ਜਗ੍ਹਾ 'ਤੇ ਉਤਰੇ, ਜਿਸ ਤੋਂ ਬਾਅਦ ਕਰੀਬ ਡੇਢ ਘੰਟਾ ਉਹ ਕਠਿਨ ਪਹਾੜੀ ਰਸਤਿਓਂ ਗੁਜ਼ਰੇ। ਭਾਰਤ ਨੇ ਜਿਸ ਮਦਰਸੇ ਨੂੰ ਨਸ਼ਟ ਕਰਨ ਦਾ ਦਾਅਵਾ ਕੀਤਾ ਹੈ, ਉਸ ਤੱਕ ਜਾਣ ਦੌਰਾਨ ਮੀਡੀਆ ਟੀਮ ਨੂੰ ਤਿੰਨ ਵੱਖ-ਵੱਖ ਥਾਵਾਂ ਦਿਖਾਈਆਂ ਗਈਆਂ। ਉਨ੍ਹਾਂ ਨੂੰ ਦੱਸਿਆ ਗਿਆ ਕਿ ਭਾਰਤੀ ਹਵਾਈ ਸੈਨਾ ਨੇ ਇਸ ਸਥਾਨ 'ਤੇ ਪੇਲੋਡ ਸੁੱਟੇ ਸਨ। ਪੱਤਰਕਾਰ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਸਥਾਨ 'ਤੇ ਸਿਰਫ ਕੁਝ ਟੋਏ ਤੇ ਕੁਝ ਜੜੋਂ ਪੁੱਟੇ ਗਏ ਦਰੱਖਤ ਦੇਖੇ। ਉਸ ਨੇ ਦੱਸਿਆ ਕਿ ਇਹ ਥਾਂ ਇਨਸਾਨੀ ਆਬਾਦੀ ਤੋਂ ਅਲਗ-ਥਲਗ ਸੀ ਤੇ ਇਸ ਇਲਾਕੇ 'ਚ ਘਰ ਵੀ ਇਕ ਦੂਜੇ ਤੋਂ ਦੂਰੀ 'ਤੇ ਸਥਿਤ ਸਨ। ਇਸ ਤੋਂ ਬਾਅਦ ਉਨ੍ਹਾਂ ਮਦਰਸਾ ਦੇਖਿਆ, ਜਿਸ ਨੂੰ ਦੇਖ ਕੇ ਇਹ ਨਹੀਂ ਲੱਗਾ ਕਿ ਇਹ ਨਵਾਂ-ਨਵਾਂ ਬਣਾਇਆ ਗਿਆ ਹੋਵੇ ਜਾਂ ਇਸ 'ਤੇ ਕਿਸੇ ਤਰ੍ਹਾਂ ਦਾ ਹਮਲਾ ਕੀਤਾ ਗਿਆ ਹੋਵੇ, ਪੂਰਾ ਭਵਨ ਸਹੀ ਸਲਾਮਤ ਹੈ ਤੇ ਇਸ ਦੇ ਨੇੜਲੀ ਮਸਜਿਦ 'ਚ 150 ਦੇ ਕਰੀਬ 12-13 ਸਾਲ ਦੇ ਬੱਚੇ ਪੜ੍ਹਾਈ ਕਰ ਰਹੇ ਸਨ। ਪੱਤਰਕਾਰਾਂ ਨੂੰ ਇਨ੍ਹਾਂ ਸਥਾਨਾਂ ਦੀਆਂ ਤਸਵੀਰਾਂ ਖਿੱਚਣ ਦੀ ਇਜਾਜ਼ਤ ਵੀ ਦਿੱਤੀ ਗਈ। ਪਾਕਿ ਸੈਨਾ ਦੇ ਬੁਲਾਰੇ ਮੇਜਰ ਜਨਰਲ ਆਸਿਫ ਗੱਫੂਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਕਾਫੀ ਪੁਰਾਣਾ ਮਦਰਸਾ ਹੈ ਤੇ ਭਾਰਤ ਵਲੋਂ ਇਸ ਨੂੰ ਤਬਾਹ ਕਰਨ ਦਾ ਦਾਅਵਾ ਬਿਲਕੁਲ ਬੇਬੁਨਿਆਦ ਹੈ।

# ਪਾਕਿ ਸਰਕਾਰ ਸ਼ਰੀਫ ਪਰਿਵਾਰ ਦੇ ਮੈਂਬਰਾਂ ਉੱਤੇ ਨਵੇਂ ਕੇਸ ਦਰਜ ਕਰੇਗੀ

ਇਸਲਾਮਾਬਾਦ, 11 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਨਵੇਂ ਮਾਮਲੇ ਦਰਜ ਕਰੇਗੀ। ਸਰਕਾਰ ਨੂੰ ਉਨ੍ਹਾਂ ਵਿਰੁੱਧ ਮਨੀ ਲਾਂਡਰਿੰਗ ਦੇ ਸਬੂਤ ਮਿਲੇ ਹਨ। ਮੀਡੀਆ ਰਿਪੋਰਟਾਂ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ।



ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਬੁੱਧਵਾਰ ਨੂੰ ਪਾਰਲੀਮੈਂਟਰੀ ਬੈਠਕ ਦੌਰਾਨ ਸ਼ਰੀਫ ਪਰਿਵਾਰ ਦੇ ਮੈਂਬਰਾਂ ਵਿਰੁੱਧ ਕੇਸ ਦਰਜ ਕਰਨ ਨੂੰ ਮਨਜ਼ੂਰੀ ਦਿੱਤੀ ਹੈ। ਏਜੰਸੀ ਦੀ ਖਬਰ ਮੁਤਾਬਕ ਫੈਡਰਲ ਤੇ ਸੂਬਾਈ ਵਿਭਾਗਾਂ ਨੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐੱਮ ਐੱਲ-ਐੱਨ) ਪਾਰਟੀ ਲੀਡਰਸ਼ਿਪ ਵੱਲੋਂ ਕੀਤੇ ਭ੍ਰਿਸ਼ਟਾਚਾਰ ਦਾ ਡਾਟਾ ਇਕੱਠਾ ਕੀਤਾ ਹੈ। ਨਵਾਜ਼ ਸ਼ਰੀਫ ਪੀ ਐੱਮ ਐੱਲ-ਐੱਨ ਦੇ ਸੁਪਰੀਮੋ ਹਨ ਤੇ ਉਨ੍ਹਾਂ ਦੇ ਭਰਾ ਸ਼ਹਿਬਾਜ਼ ਸ਼ਰੀਫ ਪਾਰਟੀ ਦੇ ਪ੍ਰਧਾਨ ਹਨ। ਕੌਮੀ ਜਵਾਬਦੇਹੀ ਬਿਊਰੋ (ਐੱਨ ਏ ਬੀ) ਨੇ ਪਨਾਮਾ ਪੇਪਰ ਸਾਹਮਣੇ ਆਉਣ ਪਿੱਛੋਂ ਸੁਪਰੀਮ ਅਦਾਲਤ ਦੇ ਆਦੇਸ਼ ਉੱਤੇ ਸ਼ਰੀਫ ਵਿਰੁੱਧ ਭ੍ਰਿਸ਼ਟਾਚਾਰ ਦੇ 3 ਕੇਸ ਦਰਜ ਕੀਤੇ ਸਨ। ਨਵਾਜ਼ ਸ਼ਰੀਫ, ਉਨ੍ਹਾਂ ਦੀ ਬੇਟੀ ਮਰੀਅਮ ਨਵਾਜ਼ ਤੇ ਜਵਾਈ ਸਾਬਕਾ ਕੈਪਟਨ ਮੁਹੰਮਦ ਸਫਦਰ ਨੂੰ ਏਵਨਫੀਲਡ ਜਾਇਦਾਦ ਕੇਸ ਵਿਚ ਬੀਤੇ ਸਾਲ ਸਤੰਬਰ ਵਿਚ ਜਮਾਨਤ ਮਿਲ ਗਈ ਸੀ। ਨਵਾਜ਼ ਸ਼ਰੀਫ ਨੂੰ ਦਸੰਬਰ ਵਿਚ ਫਲੈਗਸ਼ਿਪ ਇਨਵੈਸਟਮੈਂਟ ਕੇਸ ਵਿਚ ਰਿਹਾਅ ਕੀਤਾ ਗਿਆ ਸੀ। ਸ਼ਹਿਬਾਜ਼ ਉੱਤੇ ਪੰਜਾਬ ਦਾ ਮੁੱਖ ਮੰਤਰੀ ਰਹਿਣ ਦੌਰਾਨ ਆਪਣੀ ਸੱਤਾ ਦੀ ਦੁਰਵਰਤੋਂ ਕਰਨ ਦਾ ਦੋਸ਼ ਹੈ।

# ਨੂੰਹ ਤੇ ਪੁੱਤ ਸੋਸ਼ਲ ਮੀਡੀਆ ਉੱਤੇ ਛਾਏ, ਪਰ ਵੱਡੇ ਬਾਦਲ ਨਜ਼ਰ ਨਹੀਂ ਆ ਰਹੇ

ਫਰੀਦਕੋਟ, 11 ਅਪ੍ਰੈਲ (ਪੋਸਟ ਬਿਊਰੋ)- ਅਜੋਕੇ ਦੌਰ 'ਚ ਸੋਸ਼ਲ ਮੀਡੀਆ ਦੀ ਵਰਤੋਂ ਕੀਤੇ ਬਿਨਾਂ ਲੀਡਰਾਂ ਦਾ ਚੋਣ ਜਿੱਤਣਾ ਲਗਭਗ ਅਸੰਭਵ ਮੰਨਿਆ ਜਾਂਦਾ ਹੈ। ਉਸ ਦੌਰ ਵਿੱਚ ਵੀ 70 ਸਾਲਾ ਸਿਆਸੀ ਤਜਰਬੇ ਵਾਲੇ 92 ਸਾਲਾ ਪ੍ਰਕਾਸ਼ ਸਿੰਘ ਬਾਦਲ ਦਾ ਫੇਸਬੁੱਕ ਜਾਂ ਟਵਿੱਟਰ 'ਤੇ ਕੋਈ ਅਕਾਊਂਟ ਹੀ ਨਹੀਂ ਹੈ।

ਪੰਜ ਵਾਰ ਮੁੱਖ ਮੰਤਰੀ ਰਹਿ ਚੁੱਕੇ ਪ੍ਰਕਾਸ਼ ਸਿੰਘ ਬਾਦਲ ਅਜੇ ਵੀ ਸੋਸ਼ਲ ਮੀਡੀਆ ਤੋਂ ਕੋਹਾਂ ਦੂਰ ਹਨ, ਜਦ ਕਿ ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ ਫੇਸਬੁੱਕ, ਟਵਿੱਟਰ 'ਤੇ ਪੂਰੀ ਤਰ੍ਹਾਂ ਸਰਗਰਮ ਰਹਿੰਦੇ ਹਨ। ਇਸ ਤੋਂ ਇਲਾਵਾ ਵੱਡੇ ਬਾਦਲ ਦੇ ਨਾਂ ਉਤੇ ਕੁਝ ਕਥਿਤ ਅਕਾਊਂਟ ਚੱਲ ਰਹੇ ਹਨ, ਜਿਨ੍ਹਾਂ ਵਿੱਚ ਚੁਟਕਲੇ ਤੇ ਵਿਅੰਗ ਕਰਕੇ ਟਵੀਟ ਕੀਤੇ ਗਏ ਹਨ। ਸਾਲ 2014 ਤੋਂ ਬਾਅਦ ਸਾਰੇ ਵੱਡੇ ਲੀਡਰ ਸੋਸ਼ਲ ਮੀਡੀਆ ਉਤੇ ਸਰਗਰਮ ਹਨ। ਮਹਿਲਾ ਲੀਡਰਾਂ ਦੇ ਵਿੱਚੋਂ ਸੋਸ਼ਲ ਮੀਡੀਆ ਉੱਤੇ ਸਭ ਤੋਂ ਵੱਧ ਸਰਗਰਮ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਰਹਿੰਦੇ ਹਨ। ਕ੍ਰਿਕਟਰ ਤੋਂ ਸਿਆਸੀ ਲੀਡਰ ਬਣੇ ਨਵਜੋਤ ਸਿੰਘ ਸਿੱਧੂ ਟਵਿੱਟਰ 'ਤੇ ਪੂਰੀ ਤਰ੍ਹਾਂ ਛਾਏ ਹੋਏ ਹਨ। ਤਕਰੀਬਨ ਚਾਰ ਮਹੀਨਿਆਂ ਤੋਂ ਟਵਿੱਟਰ 'ਤੇ ਸਰਗਰਮ ਨਵਜੋਤ ਸਿੱਧੂ ਨੂੰ ਕੱਲ੍ਹ ਤੱਕ ਪੰਜ ਲੱਖ ਤੋਂ ਵੱਧ ਲੋਕਾਂ ਨੇ ਫਾਲੋ ਕੀਤਾ ਹੈ। ਸਿੱਧੂ ਦੇ ਟਵਿੱਟਰ 'ਤੇ ਪੰਜ ਲੱਖ 85 ਹਜ਼ਾਰ ਫੈਨ ਹਨ ਜਦ ਕਿ 2011 ਵਿੱਚ ਟਵਿੱਟਰ 'ਤੇ ਸ਼ਮੂਲੀਅਤ ਕਰਨ ਵਾਲੇ ਕੈਪਟਨ ਅਮਰਿੰਦਰ ਸਿੰਘ ਨੂੰ ਪੰਜ ਲੱਖ 14 ਹਜ਼ਾਰ ਲੋਕਾਂ ਨੇ ਫਾਲੋ ਕੀਤਾ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੀਜੇ ਨੰਬਰ 'ਤੇ ਹਨ। ਉਨ੍ਹਾਂ ਨੂੰ ਤਿੰਨ ਲੱਖ 31 ਹਜ਼ਾਰ ਲੋਕਾਂ ਨੇ ਫਾਲੋ ਕੀਤਾ ਹੈ। ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸਟਾਰ ਪ੍ਰਚਾਰਕ ਭਗਵੰਤ ਮਾਨ ਨੂੰ ਦੋ ਲੱਖ 84 ਹਜ਼ਾਰ ਲੋਕਾਂ ਨੇ ਫਾਲੋ ਕੀਤਾ ਹੈ ਅਤੇ ਉਹ ਚੌਥੇ ਨੰਬਰ 'ਤੇ ਹਨ। ਫਰੀਦਕੋਟ ਤੋਂ ਲੋਕ ਸਭਾ ਚੋਣ ਲੜ ਰਹੇ ਉਮੀਦਵਾਰ ਵੀ ਸੋਸ਼ਲ ਮੀਡੀਆ 'ਤੇ ਧੂੰਆਂਧਾਰ ਪ੍ਰਚਾਰ ਕਰ ਰਹੇ ਹਨ। ਇਨ੍ਹਾਂ ਉਮੀਦਵਾਰਾਂ ਦੇ ਸਮਰਥਕਾਂ ਵੱਲੋਂ ਆਪੋ ਆਪਣੇ ਉਮੀਦਵਾਰ ਨੂੰ ਜਿਤਾਉਣ ਲਈ ਸੋਸ਼ਲ ਮੀਡੀਆ 'ਤੇ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ। ਮੁਹੰਮਦ ਸਦੀਕ, ਗੁਲਜ਼ਾਰ ਸਿੰਘ ਰਣੀਕੇ, ਪ੍ਰੋ. ਸਾਧੂ ਸਿੰਘ, ਮਾ. ਬਲਦੇਵ ਸਿੰਘ ਸਮੇਤ ਫਰੀਦਕੋਟ ਹਲਕੇ ਦੇ ਅਨੇਕਾਂ ਨਾਮਵਰ ਪਾਰਟੀ ਆਗੂ ਸੋਸ਼ਲ ਮੀਡੀਆ 'ਤੇ ਛਾਏ ਹੋਏ ਹਨ, ਜਿਨ੍ਹਾਂ ਨੂੰ ਲੋਕ ਫਾਲੋ ਕਰ ਰਹੇ ਹਨ।



# ਹਾਈ ਕੋਰਟ ਨੇ ਪੁੱਛਿਆ, ਬਿਨਾਂ ਇਜਾਜ਼ਤ ਗੂਗਲ ਪੇਅ ਕਿਵੇਂ ਚੱਲੀ ਜਾਂਦੈ

ਨਵੀਂ ਦਿੱਲੀ, 11 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਕੱਲ੍ਹ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਤੋਂ ਪੁੱਛਿਆ ਕਿ ਬਿਨਾਂ ਉਸ ਦੀ ਇਜਾਜ਼ਤ ਦੇ ਗੂਗਲ ਪੇਅ ਵਿੱਤੀ ਲੈਣ-ਦੇਣ ਦੀ ਸੇਵਾ ਕਿਵੇਂ ਦੇ ਰਿਹਾ ਹੈ।




ਚੀਫ ਜਸਟਿਸ ਰਾਜਿੰਦਰ ਮੈਨਨ ਅਤੇ ਜਸਟਿਸ ਏ ਜੇ ਭੰਬਾਨੀ ਨੇ ਇੱਕ ਜਨਹਿਤ ਪਟੀਸ਼ਨ (ਪੀ ਆਈ ਐੱਲ) ਦੀ ਸੁਣਵਾਈ ਦੌਰਾਨ ਆਰ ਬੀ ਆਈ ਤੋਂ ਇਹ ਸਵਾਲ ਕੀਤਾ। ਪੀ ਆਈ ਐੱਲ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਗੂਗਲ ਪੇਅ ਪੇਮੈਂਟਸ ਐਂਡ ਸੈਟਲਮੈਂਟਸ ਕਾਨੂੰਨ ਦੀ ਉਲੰਘਣਾ ਕਰ ਕੇ ਪੇਮੈਂਟਸ ਸਿਸਟਮ ਦੇ ਸਿਸਟਮ ਵਜੋਂ ਕੰਮ ਕਰ ਰਿਹਾ ਹੈ। ਉਸ ਕੋਲ ਰਿਜ਼ਰਵ ਬੈਂਕ ਤੋਂ ਇਸ ਕੰਮ ਲਈ ਵਿਧਾਨਕ ਇਜਾਜ਼ਤ ਵੀ ਨਹੀਂ ਹੈ। ਕੋਰਟ ਨੇ ਪਟੀਸ਼ਨ ਵਿੱਚ ਉਠਾਏ ਗਏ ਮੁੱਦਿਆਂ 'ਤੇ ਜਵਾਬ ਦੇਣ ਲਈ ਰਿਜ਼ਰਵ ਬੈਂਕ ਅਤੇ ਗੂਗਲ ਇੰਡੀਆ ਨੂੰ ਨੋਟਿਸ ਦਿੱਤਾ ਹੈ।

ਇਹ ਪਟੀਸ਼ਨ ਅਭਿਜੀਤ ਮਿਸ਼ਰਾ ਨੇ ਦਾਖਲ ਕੀਤੀ ਅਤੇ ਕੋਰਟ ਨੂੰ ਕਿਹਾ ਕਿ ਰਿਜ਼ਰਵ ਬੈਂਕ ਨੇ 20 ਮਾਰਚ 2019 ਨੂੰ ਪ੍ਰਵਾਨ ਕੀਤੀ ਪੇਮੈਂਟ ਸਿਸਟਮਜ਼ ਆਪਰੇਟਰਸ ਦੀ ਸੂਚੀ ਜਾਰੀ ਕੀਤੀ ਹੈ, ਉਸ ਵਿੱਚ ਗੂਗਲ ਪੇਅ ਦਾ ਨਾਂਅ ਨਹੀਂ ਹੈ। ਕੋਰਟ ਨੇ ਇਸ ਦੇ ਬਾਅਦ ਆਰ ਬੀ ਆਈ ਤੋਂ ਪੁੱਛਿਆ ਕਿ ਬਿਨਾਂ ਇਜਾਜ਼ਤ ਗੂਗਲ ਪੇਅ ਕਿਵੇਂ ਕੰਮ ਕਰਦਾ ਹੈ। ਅਦਾਲਤ ਨੇ ਇਸ ਕੇਸ ਦੀ ਅਗਲੀ ਸੁਣਵਾਈ ਦੇ ਲਈ 29 ਅਪ੍ਰੈਲ ਦੀ ਤਰੀਕ ਤੈਅ ਕਰ ਦਿੱਤੀ। ਮਿਸ਼ਰਾ ਨੇ ਨਿੱਜਤਾ ਦਾ ਮੁੱਦਾ ਵੀ ਉਠਾਇਆ ਅਤੇ ਕਿਹਾ ਕਿ ਭਾਰਤ ਵਿੱਚ ਪੇਮੈਂਟ ਐਂਡ ਸੈਟਲਮੈਂਟ ਸਿਸਟਮਜ਼ ਦੇ ਰੂਪ ਵਿੱਚ ਆਪਣੇ ਗੈਰ ਪ੍ਰਵਾਨਤ ਕੰਮ ਦੇ ਨਾਲ ਗੂਗਲ ਪੇਅ ਦੀ ਆਧਾਰ, ਪੈਨ ਅਤੇ ਵਿੱਤੀ ਲੈਣ-ਦੇਣ, ਵਰਗੀਆਂ ਨਿੱਜੀ ਸੂਚਨਾਵਾਂ ਤੱਕ ਗੈਰ ਪ੍ਰਵਾਨਤ ਪਹੁੰਚ ਹੈ ਅਤੇ ਉਸ ਉੱਤੇ ਕੋਈ ਨਿਗਰਾਨੀ ਵੀ ਨਹੀਂ। ਪਟੀਸ਼ਨਰ ਨੇ ਅਦਾਲਤ ਤੋਂ ਆਰ ਬੀ ਆਈ ਨੂੰ ਇਹ ਹੁਕਮ ਦੇਣ ਦੀ ਅਪੀਲ ਕੀਤੀ ਕਿ ਉਹ ਭਾਰਤ ਵਿੱਚ ਗੂਗਲ ਪੇਅ ਦੇ ਗੈਰ ਪ੍ਰਵਾਨਤ ਸੰਚਾਲਨ ਨੂੰ ਤੁਰੰਤ ਬੰਦ ਕਰੇ।




We Provide services:
- Corporation Registration
- Corporation Tax Returns
- Personal Tax Retruns
- Accounting • Book - Keeping
- H.S.T • WSIB • T4 • E-File
- Assistance in Audit with CRA

Kamaljeet Singh Saini CPA, CGA
Chartered Professional Accountants

CPA CHARTERED PROFESSIONAL ACCOUNTANTS



Off: 905-799-6292
Email: kamalgirn@gmail.com

Fax: 905-291-0741

7956 Torbram Rd, Unit #209, Brampton, ON L6T 5A2


JEYA
JT
TRANSPORT LTD.
ਵਲੋਂ ਵਿਸਾਖੀ ਦੀ
ਲਖ ਲਖ ਵਧਾਈਆਂ
Happy
VaiSakhi
Email: ramesh@jeyatransport.com/sakshi@jeyatransport.com
For any info
contact:
Sakshi: 647-534-5770
Riki: 647-963-7131
Office: 905-564-8851
202-2386 Haines Rd., Mississauga ON. | www.jeyatransport.com


HAPPY
Vaisakhi!
ਵਿਸਾਖੀ ਦੀਆਂ ਵਧਾਈਆਂ
ARPAN KHANNA
BRAMPTON NORTH
RAMONA SINGH
BRAMPTON EAST
MURARILAL THAPLIYAL
BRAMPTON WEST
SARABJIT KAUR
ETOBICOKE NORTH
RAMAN BRAR
BRAMPTON SOUTH
NIKKI KAUR
HAMILTON EAST – STONEY CREEK
SANJAY BHATIA
DAVENPORT
DAVID KONG
SCARBOROUGH NORTH
ANDREW SCHEER
LEADER OF CANADA'S CONSERVATIVES
CONSERVATIVE
AUTHORIZED BY THE OFFICIAL AGENT OF THE CONSERVATIVE PARTY OF CANADA

## Khalsa Community School

69 Maitland Street, Brampton, ON L6S 3B5
Tel: 905-791-1750 Fax: 905-458-9133
www.khalsacommunityschool.com

ਖਾਲਸਾ ਕਮਿਉਨਿਟੀ ਸਕੂਲ ਬਰੈਂਪਟਨ ਵੱਲੋਂ ਸਮੁੱਚੀ ਲੋਕਾਈ ਨੂੰ
ਖਾਲਸੇ ਦੇ ਵਿਲੱਖਣ ਨਿਖਾਰ ਦਿਵਸ ਦੀ ਲੱਖ ਲੱਖ ਵਧਾਈ ਹੋਵੇ ਜੀ।

ADMISSION IS NOW OPEN FOR 2019 - 2020
REGISTRATION OPEN FOR J.K. – GRADE 12
FULL DAY PROGRAMME FOR J.K. & S.K.

GRADE 1 – 12 (Limited Seats Only)
2019 – 2020 ਦੇ ਸੈਸ਼ਨ ਲਈ
ਜੇ. ਕੇ. ਤੋਂ ਗ੍ਰੇਡ 12 ਦੀ ਰਜਿਸਟ੍ਰੇਸ਼ਨ ਸ਼ੁਰੂ ਹੈ
ਜੇ. ਕੇ. ਅਤੇ ਐੱਸ. ਕੇ. ਲਈ ਫੁੱਲ ਡੇ ਪ੍ਰੋਗਰਾਮ
ਗ੍ਰੇਡ 1 – 12 (ਸੀਟਾਂ ਸੀਮਤ ਹੀ ਹਨ)

IB AUTHORIZED SCHOOL (MYP) (GRADES 6-10) EARN CREDITS (GRADES 9 - 12) ONLINE
FOR ONLINE LEARNING VISIT OUR WEBSITE: www.khalsacommunityschool.com

FOR FURTHER INFORMATION PLEASE CALL 905-791-1750.

## *Khalsa Community School Camps 2019*

*Summer Youth Awareness and Sports Camp 2019*
*July 2-August 2, 2019*



*Basketball Camp 2019*
*July 2–July 5, 2019*

FOR FURTHER INFORMATION PLEASE CALL 905-791-1750.



# ਪ੍ਰਬਮੀਤ ਸਰਕਾਰੀਆ ਵਲੋਂ ਵਿਸਾਖੀ ਦੀ ਲੱਖ-ਲੱਖ ਵਧਾਈ






**Prabmeet Sarkaria**
MPP, Brampton South

Constituency Office:
7700 Hurontario Street, Unit 412A,
Brampton, ON L6Y 4M3
**Ph: 1.905.796.8669**



# GILLZ
## Sweet Factory


ਖਾਲਸਾ ਸਾਜਨਾ ਦਿਵਸ ਤੇ ਵਿਸਾਖੀ
ਦੀਆਂ ਲੱਖ ਲੱਖ ਵਧਾਈਆਂ

*Happy Vaisakhi*

1000 ਤੋਂ ਵੀ ਵੱਧ ਬੰਦਿਆਂ ਦੀ **Catering** ਦਾ ਪ੍ਰਬੰਧ

- ਤੁਸੀਂ ਹੋਲ ਸੇਲ ਰੇਟ ਤੇ ਤਾਜ਼ੀਆਂ ਮਿਠਾਈਆਂ ਲੈ ਸਕਦੇ ਹੋ
- ਕਿਸੇ ਵੀ ਖੁਸ਼ੀ ਦੇ ਮੌਕੇ ਲਈ ਆਰਡਰ ਤੇ ਭਾਜੀ ਤੇ ਮਿਠਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਕਿਸੇ ਵੀ ਧਾਰਮਿਕ ਸਮਾਗਮ ਲਈ ਪੂਰੀ ਸ਼ੁੱਧਤਾ ਨਾਲ ਭੋਜਨ ਤਿਆਰ ਕੀਤਾ ਜਾਂਦਾ ਹੈ
- ਤੁਸੀਂ ਤਾਜ਼ੇ ਸਮੋਸੇ ਵੀ ਲੈ ਸਕਦੇ ਹੋ








2131 Williams Pkwy,
Unit #3-6,
Brampton L6S 5Z4

Tel : 905 799 2616
www.gillzsweetfactory.com
info@gillzsweetfactory.com


HAPPY
Vaisakhi
from Ontario's Official Opposition
Kevin Yarde
MPP Brampton North
Gurratan Singh
MPP Brampton East
Andrea Horwath
Leader, Ontario NDP
Sara Singh
MPP Brampton Centre


HAPPY
VAISAKHI
ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ
I wish you a very Happy Vaisakhi
May God Bless you.
Kamal Khera
Member of parliament - Brampton West
35 Van Kirk Drive, Suite 10
Brampton, ON, L7A 1A5
(905)454-4758
kamal.khera@parl.gc.ca
kamalkheramp.ca


Happy Vaisakhi
Wishing everyone a very joyful and prosperous Vaisakhi.
SONIA SIDHU
MEMBER OF PARLIAMENT
Brampton South
www.ssidhu.liberal.ca
905-846-0076
sonia.sudhu@parl.gc.ca
Sonia Sidhu @